ਜੀਵਨ ਕਹਾਣੀ

# ਬਾਬਾ ਜਵਾਹਰ ਦਾਸ ਜੀ

ਪਿੰਡ ਸੂਸ, ਜ਼ਿਲਾ ਹੁਸ਼ਿਆਰਪੁਰ



ਛਾਪਕ : ਗੁਰਵਿੰਦਰ ਬਾਂਸਲ
ਪੰਜਾਬ ਦੀ ਆਬ ਪ੍ਰਿੰਟਿੰਗ ਪ੍ਰੈਸ, ਸ਼ਾਮ ਚੁਰਾਸੀ ਹੁਸ਼ਿਆਰਪੁਰ

# ਬੇਨਤੀ

ਰੱਬ ਮਿਹਰ ਕੀਤੀ ਜਾਗੇ ਭਾਗ ਸਾਡੇ, ਜਨਮ ਧਾਰ ਸੂਸੀਂ ਜਵਾਹਰ ਦਾਸ ਆਇਆ।
ਕ਼ੁੱਲੇ ਭਟਕਿਆਂ ਨੂੰ ਸਿੱਧੇ ਰਾਹ ਪਾਕੇ, ਸੱਚੇ ਨਾਮ ਦਾ ਕਰਨ ਪਰਕਾਸ਼ ਆਇਆ॥
ਸੇਵਾ ਸਿਮਰਨ ਤੇ ਵੱਡੇ ਉਪਕਾਰ ਕੀਤੇ, ਧੰਨ ਧੰਨ ਹੈ ਤੂੰ ਜਭਾਹਰ ਦਾਸ ਬਾਬਾ।
ਜੋ ਵੀ ਮੰਗੇ ਮੁਰਾਦ ਸੋਈ ਮਿਲ ਜਾਵੇ, ਪੂਰੀ ਸਭ ਦੀ ਕਰੇਂ ਤੂੰ ਆਸ ਬਾਬਾ॥
ਆਇਆ ਆਸ ਕਰਕੇ ਜਿਹੜਾ ਦਰ ਤੇਰੇ, ਤੇਰੇ ਦਰੋਂ ਨਾ ਗਿਆ ਨਿਰਾਸ ਬਾਬਾ।
ਨਿਹਚਾ ਨਾਲ ਜਿਹੜੇ ਵੀ ਕਰਨ ਸੇਵਾ, ਕੰਮ ਉਨ੍ਹਾਂ ਦੇ ਰਾਸ ਕਰੇਂ ਤੂੰ ਰਾਸ ਬਾਬਾ॥
ਚਰਨੀ ਪ੍ਰਭੂ ਦੀ ਲਾਕੇ ਸੇਵਕਾਂ ਨੂੰ ਕਟੇਂ, ਉਨ੍ਹਾਂ ਦੀ ਜਮਾਂ ਦੀ ਫਾਸ ਬਾਬਾ।
ਭਰੇਂ ਝੋਲੀਆਂ ਸਭ ਦੀਆਂ ਦਾਤਿਆ ਵੇ, ਪੂਰੀ ਕਰੀਂ ਤੂ ਸਾਡੀ ਵੀ ਆਸ ਬਾਬਾ॥
ਜੀਵਨ ਯਾਤਰਾ ਕਰ ਸੰਸਾਰ ਵਾਲੀ, ਸਚਖੰਡ ਨੂੰ ਜਦੋਂ ਤੂੰ ਚਲਿਆ ਸੀ।
ਤੇਰੀ ਸੇਵਾ ਦਰਗਾਹੇ ਪਰਵਾਨ ਹੋਈ, ਗੋਲਾ ਵਿਚ ਅਕਾਸ਼ ਦੇ ਚਲਿਆ ਸੀ॥
ਮੇਰੇ ਉੱਤੇ ਵੀ ਮਿਹਰ ਦੀ ਨਿਗ੍ਹਾ ਕਰਕੇ, ਚਰਨੀਂ ਪ੍ਰਭੂ ਦੀ ਮੈਂਨੂੰ ਵੀ ਲਾ ਦੇਵੀਂ।
ਸੱਚਾ ਮਾਰਗ ਭਗਤੀ ਦਾ ਦਸ ਕੇ ਜੀ ਸਾਨੂੰ ਭੁੱਲਿਆ ਨੂੰ ਰਾਹੇ ਪਾ ਦੇਵੀਂ॥
ਸੇਵਾ ਸਿਮਰਨ ਦਾ ਮੇਰੇ ਦਿਲ ਚਾਉ ਭਰਦੇ, ਐਸਾ ਬਾਬਾ ਜੀ ਕਰਮ ਕਮਾ ਦੇਵੀਂ।
ਬਖਸ਼ਨਹਾਰ ਤੂੰ ਬਖਸ਼ਿਆ ਪਾਪੀਆਂ ਨੂੰ, ਬੇੜਾ ਸਾਡਾ ਵੀ ਬੰਨੇ ਤੂੰ ਲਾ ਦੇਵੀਂ॥
ਸ਼ਰਧਾ ਭਾਵਨੀ ਆਪੇ ਤੂੰ ਲਾ ਬਾਬਾ, ਸੇਵਾ ਸਿਮਰਨ ਵਿਚ ਮਨ ਲਗਾ ਦੇਵੀਂ।
ਸੁਬਹ ਸ਼ਾਮ ਸੈਂ ਤੇਰੇ ਹੀ ਗੁਣ ਗਾਵਾਂ, ਐਸੀ ਪ੍ਰੇਮ ਦੀ ਲਟਕ ਲਗਾ ਦੇਵੀਂ॥
ਸੱਧਰ ਚਿਰਾਂ ਦੀ ਦਿਲ ਵਿਚ ਇਹੋ ਮੇਰੇ, ਬਾਬਾ ਜੀ ਦਾ ਪ੍ਰਸੰਗ ਤਿਆਰ ਕਰੀਏ।
ਜਿਹਨੂੰ ਪੜ੍ਹ ਕੇ ਪ੍ਰੇਮੀ ਆਨੰਦ ਮਾਨਣ, ਪੁਸਤਕ ਸੋਹਣੀ ਜਿਹੀ ਇਕ ਤਿਆਰ ਕਰੀਏ॥
ਕਲਮ ਚੁੱਕੀ ਹੈ ਆਸਰਾ ਤੱਕ ਤੇਰਾ, ਮੇਰੀ ਬਾਬਾ ਜੀ ਆਸ ਪੁਜਾ ਦੇਵੀਂ।
ਨਾ ਮੈਂ ਕਵੀ ਨਾ ਵਿਚ ਲਿਖਾਰੀਆਂ ਦੇ, ਲਿਖਣ ਜੋਗਾ ਤੂੰ ਆਪ ਬਣਾ ਦੇਵੀਂ॥
ਕਿਵੇਂ ਛੰਦ ਲਿਖਣੇ ਮੈਨੂੰ ਇਲਮ ਕੋਈ ਨਾ, ਜੋ ਵੀ ਲਿਖਣਾ ਆਪ ਲਖਾ ਦੇਵੀਂ।
ਤੁਛ ਬੁੱਧੀ ਤੇ ਵੱਡੇ ਉਪਕਾਰ ਤੇਰੇ, ਨਿਰਬਲ ਬੁੱਧ ਬਲਵਾਨ ਬਣਾ ਦੇਵੀਂ॥
ਇਹ ਜੋ ਸੱਧਰ ਚਿਰੋਕਣੀ ਦਿਲ ਮੇਰੇ, ਪਰਸੰਗ ਸੋਹਣਾ ਤਿਆਰ ਕਰਾ ਦੇਵੀਂ।
ਤੇਰੇ ਦਰ ਦੇ ਮੰਗਤੇ ਹਾਂ ਬਾਬਾ, ਲਛਮਣ ਸਿੰਘ ਨੂੰ ਖੈਰ ਤੂੰ ਪਾ ਦੇਵੀਂ॥

○ ○

੧ੳ ਸਤਿਗੁਰ ਪ੍ਰਸਾਦਿ

# ਜੀਵਨ ਬਾਬਾ ਜਵਾਹਰ ਦਾਸ ਜੀ

ਪਿੰਡ ਸੂਸਾਂ ਦਾ ਵਾਸੀ ਹੈ ਸੀ, ਸੰਤ ਜਵਾਹਰ ਦਾਸ।
ਏਸੇ ਪਿੰਡ ਵਿੱਚ ਜਨਮ ਲਿਆ ਸੀ ਏਥੇ ਕੀਆ ਨਿਵਾਸ॥

ਨਾਮ ਪਿਤਾ ਦਾ ਉੱਤਮ ਦਾਸ❋ ਤੇ ਦਇਆ ਕੌਰ ਸੀ ਮਾਤਾ।
ਨੇਕੀ ਅਤੇ ਨੇਕ ਕਮਾਈ ਕਰਕੇ ਵਕਤ ਨਿਭਾਤਾ॥

ਇਕ ਭੈਣ ਤੇ ਦੂਜਾ ਭਾਈ ਦੱਸੇ ਉਨ੍ਹਾਂ ਦੇ ਭਰਾਤਾ।
ਬਾਲ ਅਵਸਥਾ ਵਿਚ ਗੁਜ਼ਰ ਗਏ, ਪਿਤਾ ਉਨ੍ਹਾਂ ਦੇ ਮਾਤਾ॥

ਵੱਡੀ ਹੋਈ ਭੈਣ ਬਿਆਹੀ ਤੇ ਗੁਜ਼ਰ ਗਿਆ ਸੀ ਭਰਾਤਾ।
ਰਹਿ ਗਿਆ ਬਾਬਾ ਕੱਲਾ, ਕੈਸਾ ਰਚਿਆ ਖੇਲ ਵਿਧਾਤਾ॥

ਕਰਮ ਉੱਘੜੇ ਪੂਰਬਲੇ, ਜੋ ਲਿਖੇ ਸੀ ਉਸ ਦਾਤਾ।
ਲਛਮਣ ਸਿੰਘ ਤੇਹਾ ਫਲ ਮਿਲਦਾ, ਜੈਸਾ ਕਰਮ ਕਮਾਤਾ॥

ਬਾਬਾ ਜਵਾਹਰ ਦਾਸ ਦਾ ਮਨ ਦੁਨੀਆਵੀ ਵਿਹਾਰਾਂ ਤੋਂ ਉਚਾਟ ਹੋਣਾ, ਬਿਰਤੀ ਪ੍ਰਭੂ ਚਰਨਾਂ ਵਿਚ ਜੋੜੀ ਰਖਣੀ, ਅਤੇ ਬਾਬਾ ਜੀ ਦੀ ਜੱਗ ਵਿਚ ਉਸਤਤ ਹੋਣ ਲਗੀ।

ਨਾਮ ਜਪਣ ਵਿਚ ਜੁੜ ਗਿਆ ਬਾਬਾ ਦਿਨ ਤੇ ਰਾਤ ਸਵੇਰੇ ਸੀ।
ਨਾ ਮਮਤਾ ਵਿਚ ਖਾਣ ਪੀਣ ਦੇ ਨਾ ਪੈਹਨਣ ਚੰਗੇਰੇ ਸੀ॥

ਨਾ ਮਮਤਾ ਵਿਚ ਧਨ ਮਾਲ ਨਾ ਰੱਚੀ ਵਿਚ ਲਬੇਰੇ ਸੀ।
ਨਾ ਇੱਛਾ ਕੋਈ ਬਿਆਹ ਕਰੋਣ ਦੀ, ਸੁਫਨੇ ਹੀ ਨਾ ਫੇਰੇ ਸੀ॥

ਬਿਰਤੀ ਜੁੜ ਗਈ ਨਾਮ ਜਪਣ ਵੱਲ ਵਿਸਰੇ ਕੰਮ ਮੰਦੇਰੇ ਸੀ।
ਹਰਦਮ ਮਨ ਟਕਾਈ ਰੱਖਦੇ ਭਾਉ ਭਗਤ ਦੇ ਡੇਰੇ ਸੀ॥

ਭਾਈ ਭਾਈ ਅਲਾਵਣ ਸਭ ਨੂੰ, ਬੋਲਣ ਬੋਲ ਮਠੇਰੇ ਸੀ।
ਤਾਹੀਉਂ ਭਾਈ ਨਾਮ ਪੈ ਗਿਆ ਦੱਸਦੇ ਲੋਕ ਬਥੇਰੇ ਸੀ॥

ਬਾਬਾ ਨਾਮ ਓਦੋਂ ਤੋਂ ਚੱਲਿਆ ਜਾਂ ਗੁਰੂ ਮਿਲੇ ਚੰਗੇਰੇ ਸੀ।
ਭਜਨ ਹਰੀ ਦਾ ਦਿਲ ਵਿਚ ਕਰਦੇ, ਹਰਦਮ ਸ਼ਾਮ ਸਵੇਰੇ ਸੀ॥

ਜੱਸ ਵਡਿਆਈ ਮਿਲੇ ਓਸ ਨੂੰ ਜਿਸ ਦੇ ਭਾਗ ਚੰਗੇਰੇ ਜੀ।
ਲਛਮਣ ਸਿੰਘ ਪਰਗਟ ਹੋਇਆ ਬਾਬਾ ਚਾਰ ਚੁਫੇਰੇ ਜੀ॥

❋ ਪਟਵਾਰੀ ਦੇ ਕਾਗਜ਼ਾਂ ਵਿਚ ਬਾਬਾ ਜੀ ਦੇ ਪਿਤਾ ਦਾ ਨਾਮ ਉਤਮ ਦਾਸ ਹੈ ਪਰ ਸਾਹਿਬ ਦਿੱਤਾ ਨਾਮ ਵੀ ਪਰਚੱਲਤ ਸੀ।

ਇਕ ਵੇਰਾਂ ਕਿਸੇ ਮੰਦ ਵਾਸ਼ਨਾ ਵਾਲੀ ਔਰਤ ਨੇ ਅੱਧੀ ਰਾਤ ਨੂੰ ਬਾਬਾ ਜੀ ਦੇ ਬੂਹੇ ਬਾਬਾ ਜੀ ਦਾ ਸਿਦਕ ਪਰਖਣ ਵਾਸਤੇ ਆਉਣਾ ॥ ਬਾਬਾ ਜੀ ਨੇ ਉਸ ਨੂੰ ਸਿਖਿਆ ਦੇ ਕੇ ਘਰ ਨੂੰ ਮੋੜਨਾ

ਇਕ ਵੇਰਾਂ ਕੋਈ ਔਰਤ ਅੱਧੀ ਰਾਤ ਨੂੰ, ਬੂਹੇ ਬਾਬੇ ਦੇ ਸੀ ਨੇੜ੍ਹੇ ਚਲ ਕੇ ਆਈ
ਸੰਤਾਂ ਤਾਈਂ ਜਗਾ ਕੇ ਕਹਿੰਦੀ ਕੁੰਡਾ ਖੋਲੋ ਜੀ, ਮੈਂ ਤਾਂ ਚਲ ਕੇ ਭਾਈ ਮਿਲਣ ਤੁਹਾਨੂੰ ਆਈ
ਪੁੱਛਦੇ ਬਾਬਾ ਜੀ ਇਹ ਕਿਹੜਾ ਵੇਲਾ ਮਿਲਣੇ ਦਾ, ਅੱਧੀ ਰਾਤ ਹੈ ਬੀਬਾ ਸੁੱਤੀ ਪਈ ਲੁਕਾਈ
ਕੀ ਹੈ ਬਣੀ ਲਾਚਾਰੀ ਅੱਧੀ ਰਾਤੀਂ ਔਣੇ ਦੀ, ਸੁਖ ਤਾਂ ਹੈ ਘਰ ਬੀਬੀ ਛੇਤੀ ਦਿਓ ਬਤਾਈ
ਔਰਤ ਕਹਿੰਦੀ ਰੌਲਾ ਕਾਹਨੂੰ ਪਾਵੇਂ ਭਾਈ ਤੂੰ, ਕੁੰਡਾ ਖੋਲੋ ਐਵੇਂ ਕਾਹਨੂੰ ਦੇਰ ਲਗਾਈ
ਸੁਣ ਕੇ ਬੋਲ ਬੁਰਾਲ· ਐਵੇਂ ਕੋਈ ਜਾਗ ਪਊ, ਮੈਂ ਤਾਂ ਘਰ ਆਪਣੇ ਤੋਂ ਚੋਰੀਂ ਹਾਂ ਚਲ ਆਈ
ਕਹਿੰਦੇ ਬਾਬਾ ਜੀ ਕਿਉਂ ਚੋਰੀ ਘਰ ਤੋਂ ਆਈ ਤੂੰ, ਚੋਰੀਂ ਔਣ ਦਾ ਏਥੇ ਮਤਲਬ ਕੋਈ ਨਾਹੀਂ
ਮੁੜਦੇ ਪੈਰੀਂ ਕਹਿੰਦੇ ਮੁੜ ਜਾ ਘਰ ਨੂੰ ਬੀਬੀ ਤੂੰ, ਲੋਕ ਲਾਜ ਕਾਹਨੂੰ ਐਵੇਂ ਤੂੰ ਬਿਸਰਾਈ
ਐਸ ਵੇਲੇ ਨਹੀਂਉਂ ਘਰ ਤੋਂ ਔਣਾ ਸੋਭਦਾ ਕਾਹਨੂੰ ਤੈਂ ਨੇ ਬੀਬੀ ਆਪਣੀ ਸੋਭਾ ਗੁਆਈ
ਸਾਡੇ ਕੋਲ ਤਾਂ ਸੌਦਾ ਇਕੋ ਹੈ ਹਰੀਨਾਮ ਦਾ ਸੱਚੇ ਮਾਰਗ ਚਲਦਿਆ ਉਸਤਤ ਕਰੇ ਲੁਕਾਈ
ਸੁਣ ਕੇ ਬਚਨ ਬਾਬੇ ਦੇ ਲੱਜਤ ਹੋ ਗਈ ਔਰਤ ਸੀ ਕਹਿੰਦੀ ਬਖਸ਼ੋ ਜੀ ਮੈਂ ਤਾਂ ਪਰਖਣ ਸੀ ਆਈ
ਭੁੱਲੇ ਭਟਕਿਆਂ ਨੂੰ ਤੂੰ ਰਸਤੇ ਪਾਵੇਂ ਬਾਬਾ ਜੀ ਲਛਮਣ ਸਿੰਘਾ ਵਡੀ ਬਾਬੇ ਦੀ ਵਡਿਆਈ ।

❖ ❖ ❖

## ਘਰ ਦਾ ਤਿਆਗ ਕਰਨਾ

ਉਠ ਸਵੇਰੇ ਬਾਬੇ ਹੋਰਾਂ ਜੰਦਰੇ ਘਰ ਨੂੰ ਲਾਏ ਸੀ ॥
ਤਿਆਗ ਦੇ ਜਿੰਦਰੇ ਲਾਕੇ, ਬਾਹਰ ਖੇਤਾਂ ਵੱਲ ਨੂੰ ਧਾਏ ਸੀ ॥

ਤੱਕ ਤਕਾ ਕੇ ਖੇਤ ਆਪਣਾ, ਆਸਣ ਜਾ ਜਮਾਇਆ ਸੀ ॥
ਘਰ ਨੂੰ ਮੁੜ ਕੇ ਨਾ ਜਾਵਣ ਦਾ ਮਨ ਵਿਚ ਮਤਾ ਪਕਾਇਆ ਸੀ ।

ਖੰਦਾ ਪਿੰਡ ਦਾ ਸਹਿਜ ਸੁਭਾ ਇਕ, ਏਧਰ ਫਿਰਦਾ ਆਇਆ ਸੀ ।
ਧੁੱਪੇ ਬੈਠੇ ਦੇਖ ਸੰਤਾਂ ਨੂੰ, ਪਿੰਡ ਨੂੰ ਛੇਤੀ ਧਾਇਆ ਸੀ ॥
ਜਾਕੇ ਉਸਨੇ ਪਿੰਡ ਨੂੰ ਸਾਰਾ, ਦੇਖਿਆ ਹਾਲ ਸੁਣਾਇਆ ਸੀ ।
ਗੁੱਸੇ ਖਬਰੇ ਹੋ ਗਏ ਸੰਤ ਜੀ, ਧੁੱਪੇ ਆਸਣ ਲਾਇਆ ਸੀ ॥

ਨਾ ਹੈ ਪਾਣੀ ਪਾਸ ਉਨ੍ਹਾਂ ਦੇ ਨਾ ਕੋਈ ਨੇੜੇ ਛਾਇਆ ਈ ॥
ਕੀ ਕਿਸੇ ਨੇ ਦਿਲ ਦੁਖਾਇਆ ? ਆਸਣ ਬਾਹਰ ਜਮਾਇਆ ਈ ॥

ਸੁਣ ਸਿਆਣਿਆਂ ਓਸੇ ਵੇਲੇ ਕਹਾਰ ਨੂੰ ਸੱਦ ਬੁਲਾਇਆ ਸੀ ॥
ਕੋਈ ਤੁਰ ਪਿਆ ਖੇਸ ਉਠਾ ਕੇ ਕਿਸੇ ਨੇ ਬਾਂਸ ਉਠਾਇਆ ਸੀ ॥
ਕਿਸੇ ਨੇ ਮੋਹੜੀ ਮੋਂਢੇ ਰੱਖੀ ਮੰਜਾ ਕਿਸੇ ਉਠਾਇਆ ਸੀ ॥
ਕਿਸੇ ਗੁਦਾਲਾ ਹੱਥ ਫੜ ਲਿਆ ਰੰਬਾ ਕਿਸੇ ਉਠਾਇਆ ਸੀ ॥
ਹੱਥ ਜੋੜ ਜਾ ਬਾਬੇ ਅੱਗੇ, ਸੱਭ ਨੇ ਸੀਸ ਨਿਵਾਇਆ ਸੀ ॥
ਰੱਲ ਮਿਲ ਹੱਥੋ ਹੱਥੀ ਸਭਨਾਂ ਛਾਂ ਪਰਬੰਧ ਕਰਾਇਆ ਸੀ ॥

○ ○

## ਸੰਗਤ ਨੇ ਸੰਤਾਂ ਅੱਗੇ ਅਰਜ ਗੁਜ਼ਾਰਨੀ ਕਿ ਪਿੰਡ ਚਲੋ

ਬੈਠ ਗਈ ਸੰਗਤ ਸੰਤਾਂ ਪਾਸ ਜਾਇਕੇ, ਅਰਜ ਕਰਨ ਗਲ ਪੱਲਾ ਪਾਇਕੇ ।
ਚਲੋ ਬਾਬਾ ਬੈਠੋ ਹੁਣ ਘਰ ਜਾਇਕੇ, ਜਗਾ ਨਹੀਂ ਪਸੰਦ ਦੇਈਏ ਹੋਰ ਬਣਾਇਕੇ ॥
ਕਿਹੜੀ ਗੱਲੋਂ ਘਰੋਂ ਚਲ ਬਾਹਰ ਆਏ ਜੀ ਧੁੱਪੇ ਖੇਤਾਂ ਵਿਚ ਕਾਹਨੂੰ ਡੇਰੇ ਲਾਈ ਜੀ ।
ਲਛਮਣ ਸਿੰਘਾ ਜੋਵੀ ਕਹ ਸੇਵਾ ਕਰਾਂਗੇ, ਅਗਿਆਕਾਰੀ ਬਾਬਾ ਤੇਰੇ ਰਹਾਂਗੇ ॥

## ਸੰਤਾਂ ਨੇ ਘਰ ਜਾਣ ਤੋਂ ਨਾਂਹ ਕਰਨੀ

ਅਸੀਂ ਛੱਡ ਬੈਠੇ ਏਸ ਸੰਸਾਰ ਨੂੰ, ਘਰਾਂ ਦੇ ਸਭ ਝੂਠੇ ਮੋਹ ਤੇ ਪਿਆਰ ਨੂੰ ।
ਦਿਲੋਂ ਹੈ ਤਿਆਗ ਦਿੱਤਾ ਝੂਠੇ ਜੱਗ ਨੂੰ, ਵਸਾ ਲਿਆ ਹੈ ਦਿਲ ਵਿਚ ਸੱਚੇ ਰੱਬ ਨੂੰ ॥
ਕੂੜ ਦੇ ਕੁਟੰਬ ਅਤੇ ਸੰਸਾਰ ਨੂੰ, ਦਿਲੋਂ ਹੈ ਭੁਲਾਇਆ ਇਨ੍ਹਾਂ ਦੇ ਪਿਆਰ ਨੂੰ ।
ਅਸਾਂ ਇਕੋ ਰੱਬ ਨਾਲ ਨਿਹੁੰ ਲਾਵਣਾ, ਜਿਸ ਨੇ ਹੈ ਬੇੜਾ ਸਾਡਾ ਬੰਨੇ ਲਾਵਣਾ ॥
ਖੁਸ਼ੀ ਖੁਸ਼ੀ ਮੁੜੇ ਦਿਲ ਨਾ ਦੁਖਾਵਣਾ, ਅਸੀਂ ਮੁੜ ਪੈਰ ਘਰ ਨਹੀਂ ਪਾਵਣਾ ।
ਨਾਮ ਸਦਾ ਚਾਹੀਏ ਓਸੇ ਦਾ ਧਿਆਵਣਾ, ਜਿਸ ਨੇ ਹੈ ਬੇੜਾ ਸਾਡਾ ਬੰਨੇ ਲਾਵਣਾ ॥

○ ○

## ਸੰਤਾਂ ਨੇ ਰਾਤ ਵੇਲੇ ਦੂਜੇ ਸੰਤਾਂ ਕੋਲ ਜਾਣਾ

ਅੱਧੀ ਰਾਤੀਂ ਪਾਸ ਸਾਧੂਆਂ ਦੇ ਜਾਂਵਦੇ, ਸੁਬਹ ਕਾਰ ਡੇਰੇ ਵਾਲੀ ਸੀ ਕਮਾਂਵਦੇ ।
ਪਹਿਲੀ ਰਾਤ ਕਾਰ ਤਾਲ ਦੀ ਕਰਾਂਵਦੇ, ਟੋਕਰੀ ਮਿੱਟੀ ਦੀ ਪੂਰੀ ਸੈਂ ਕਢਾਂਵਦੇ ॥
ਦਿਨੇ ਸੇਵਾ ਗਊਆਂ ਵਾਲੀ ਸੀ ਕਮਾਂਵਦੇ, ਘੜਾ ਚੁੱਕ ਪਾਣੀ ਸਭ ਨੂੰ ਪਲਾਂਵਦੇ ।
ਗੜਵੀ ਤਾਂ ਹੱਥ ਰੱਖਦੇ ਜ਼ਰੂਰ ਸੀ, ਬਾਬੇ ਦਾ ਇਹ ਲਛਮਣ ਸਿੰਘਾ ਦਸਤੂਰ ਸੀ ॥

○ ○

# ਗੁਰੂ ਦੀ ਭਾਲ ਵਾਸਤੇ ਗੰਗਾ ਅਸ਼ਨਾਨ ਕਰਨ ਜਾਣਾ

ਇਕ ਦਿਨ ਸੰਤਾਂ ਖਿਆਲ ਜੋ ਆਇਆ, ਚੱਲ ਕਰੀਏ ਇਸ਼ਨਾਨ ਗੰਗਾ ।
ਦੇਹੀ ਨ੍ਹਾਤਿਆਂ ਨਿਰਮਲ ਹੁੰਦੀ, ਕਰਨਾ ਸਾਧੂ ਸੰਗ ਚੰਗਾ ॥
ਕਾਮਲ ਗੁਰੂ ਜੇ ਮਿਲ ਜਾਏ ਉਥੇ, ਜਨਮ ਮਰਨ ਮੁੱਕ ਜਾਏ ਪੰਗਾ ।
ਸੰਗਤ ਕਰ ਕੇ ਸਾਧੂ ਦੀ ਫਿਰ, ਗਲੋਂ ਚੁਰਾਸੀ ਹਟੇ ਫੰਦਾ ॥
ਪੰਧ ਗੰਗਾ ਦਾ ਬਹੁਤਾ ਲੰਬਾ, ਕਰੇ ਹੌਸਲਾ ਬਿਰਲਾ ਹੀ ।
ਦਿਨ ਦਾ ਤੁਰਨਾ ਰਾਤ ਬੇਰਾਮੀ, ਸਹੇ ਕੋਈ ਪ੍ਰੇਮੀ ਬਿਰਲਾ ਹੀ ।
ਤੁਰ ਪਏ ਹੌਸਲਾ ਧਾਰ ਸੰਤ ਜੀ, ਜਾ ਪਹੁੰਚੇ ਵਿਚ ਗੰਗਾ ਜੀ ॥
ਕਰ ਇਸ਼ਨਾਨ ਫਿਰ ਭਾਲਣ ਲੱਗ ਪਏ, ਸੰਤ ਮਿਲੇ ਕੋਈ ਚੰਗਾ ਜੀ ।
ਕਈ ਦਿਨ ਸੀ ਰਹੇ ਭਾਲਦੇ, ਮਨ ਦਾ ਮੀਤ ਨਾ ਮਿਲਿਆ ਸੀ ॥
ਹਰ ਚਰਨਾਂ ਨਾਲ ਜੋੜ ਦੇਵੇ ਜੋ, ਐਸਾ ਮੀਤ ਨਾ ਮਿਲਿਆ ਸੀ ।
ਵਾਪਸ ਚਲ ਪਏ ਦੇਸ਼ ਵੱਲਾਂ ਨੂੰ, ਕੁਦਰਤ ਦਾ ਐਸਾ ਖੇਲ ਹੋਇਆ ॥
ਦੀਵਾਲੀ ਪਿੰਡ ਦੇ ਭੋਲੇ ਜੱਟ ਨਾਲ, ਰਸਤੇ ਦੇ ਵਿਚ ਮੇਲ ਹੋਇਆ ॥
ਰਾਤ ਗੁਜ਼ਾਰੀ ਘਰ ਓਸ ਦੇ, ਆਦਰ ਉਸ ਹੱਸ ਹੱਸ ਕੀਤਾ ।
ਗੱਲਾਂ ਬਾਤਾਂ ਕਰਦਿਆਂ ਉਸ ਨੇ, ਸਧਾਨੇ ਸੰਤ ਦਾ ਜੱਸ ਕੀਤਾ ॥
ਲਗ ਗਈ ਤਾਂਘ ਮਿਲਣ ਦੀ ਇਕ ਦਮ, ਦਿਲ ਸੰਤਾਂ ਦਾ ਖਿਚ ਹੋਇਆ
ਪਰ ਜਿਚਰ ਦਰਸ ਨਾ ਪਾਵਨ ਜਾਕੇ, ਤਿੱਚਰ ਮਨ ਨਾ ਤ੍ਰਿਪਤ ਹੋਇਆ ॥
ਬਾਬਾ ਆਖੇ ਦਰਸ ਕਰਾਓ, ਜਿਹੜਾ ਸੰਤ ਬਤਾਇਆ ਈ ।
ਚੈਨ ਨਾ ਆਵੇ ਲਛਮਣ ਸਿੰਘਾ, ਜਿੱਚਰ ਦਰਸ ਨਾ ਪਾਇਆ ਈ ।

❋ ❋

# ਬਾਬਾ ਜੀ ਦਾ ਸੰਤ ਸਧਾਨਾ ਜੀ ਪਾਸ ਜਾਣਾ

ਨਾਲ ਪ੍ਰੇਮ ਦੇ ਦੋਨੋਂ ਤੁਰ ਪਏ ਵਲ ਉਸ ਸੰਤ ਸਧਾਨਾ ਜੀ ।
ਸੀਸ ਟਿਕਾਇਆ ਚਰਨਾਂ ਉੱਤੇ ਛੱਡ ਕਰ ਦਿਲੋਂ ਗੁਮਾਨਾ ਸੀ ॥
ਸੰਤ ਸਧਾਨਾ ਜਾਣੀ ਜਾਣ ਸਨ, ਉਨ੍ਹਾਂ ਦਿਲ ਦਾ ਬੁਝ ਸੀ ਹਾਲ ਲਿਆ ।
ਦੇ ਕੇ ਆਦਰ ਸੰਤਾਂ ਤਾਈਂ ਆਪਣੇ ਪਾਸ ਬਠਾਲ ਲਿਆ ॥

ਸੰਤ ਸਧਨਾ ਜੀ—ਕਹੋ ਕਾਕਾ, ਕੀ ਲੋੜ ਪਈ ਏ, ਏਥੇ ਕੀਕੂੰ ਆਇਆ ਏਂ ।
ਕਿਹੜੇ ਪਿੰਡ ਦਾ ਵਾਸੀ ਹੈ ਤੂੰ ਕਿੱਥੇ ਡੇਰਾ ਲਾਇਆ ਏ ॥
ਸੰਤ ਜਵਾਹਰ ਦਾਸ-ਪਿੰਡ ਸੁਸਾਂ ਦਾ ਵਾਸੀ ਬਾਬਾ, ਦੇਸ ਦੁਆਬਾ ਹੈ ਮੇਰਾ ।
ਗੰਗਾ ਗਿਆ ਅਸ਼ਨਾਨ ਕਰਨ ਸੀ ਵਾਪਸ ਪਾਇਆ ਹੈ ਫੇਰਾ ॥

ਭੋਲੇ ਜੱਟ ਨੇ ਮਹਿਮਾ ਕੀਤੀ ਪਤਾ ਓਸ ਨੇ ਲਾਇਆ ਏ।
ਚਲ ਦਰਸ਼ਨ ਨੂੰ ਆਇਆ ਬਾਬਾ, ਮਨ ਨੇ ਏਹੋ ਚਾਹਿਆ ਏ॥
ਲੋਚਾ ਰੱਬ ਦੇ ਮਿਲਣੇ ਦੀ ਪਰ ਰਸਤਾ ਨਹੀਂ ਹੱਥ ਆਇਆ ਏ।
ਕਿਰਪਾ ਕਰੋ ਜੀ ਮੇਰੇ ਉੱਪਰ ਤਾਂ ਮੈਂ ਗੇੜਾ ਪਾਇਆ ਏ॥
ਦੇਕੇ ਦਾਨ 'ਨਾਮ' ਦਾ ਬਾਬਾ ਦਿਲ ਦਾ ਭਰਮ ਮਿਟਾ ਦੇਵੋ।
ਦਇਆ ਕਰੋ ਜੀ ਨਾਮ ਜਪਾ ਕੇ ਭਵਜਲ ਪਾਰ ਲੰਘਾ ਦੇਵੋ॥
ਕਿਰਪਾ ਕਰਕੇ ਖੈਰ ਬੰਦਗੀ ਝੋਲੀ ਮੇਰੀ ਪਾ ਦੇਵੋ।
ਸ਼ਰਨੀ ਆਏ ਲਛਮਣ ਸਿੰਘ ਦੀ ਦਿਲ ਦੀ ਆਸ ਪੁਜਾ ਦੇਵੋ॥

○ ○

## ਸੰਤ ਸਧਾਨਾ ਜੀ ਨੇ ਦਿਆਲਤਾ ਵਿਚ ਆਕੇ ਬਾਬਾ ਜਵਾਹਰ ਦਾਸ ਨੂੰ ਆਪਣੇ ਪਾਸ ਰੱਖ ਲੈਣਾ

ਦਿਲ ਸੰਤਾਂ ਦੇ ਦਇਆ ਆ ਗਈ, ਸ਼ਰਧਾ ਦੇਖ ਉਸ ਆਏ ਦੀ।
ਸੰਤ ਦਿਆਲੂ ਲਾਜ ਰਖਦੇ, ਸੇਵਕ ਸ਼ਰਨੀ ਆਏ ਦੀ॥
ਕਹਿੰਦੇ ਰਹੋ ਹੁਣ ਪਾਸ ਅਸਾਡੇ, ਸੇਵਾ ਸੰਤ ਕਮੌਣੀ ਏ।
ਦਿਲ ਵਿਚ ਧਾਰ ਗਰੀਬੀ, ਹਰਦਮ ਸੱਚੀ ਪ੍ਰੀਤ ਨਿਭੌਣੀ ਏ॥
ਭੋਜਨ ਥੋੜਾ ਸਾਦਾ ਛਕਣਾ, ਥੋੜਾ ਰਾਤੀਂ ਸੌਣਾ ਏ।
ਨਫਸ ਤਾਹੀਂ ਕਾਬੂ ਵਿਚ ਆਵੇ, ਮਨ ਗੁਰ ਚਰਨੀਂ ਲੌਣਾ ਏ॥
ਨਫਸ ਸਦਾ ਵਕਾਰ ਲਿਆਉਂਦੇ, ਜਿਸ ਅੰਨ ਜਿਆਦਾ ਖਾਣਾ ਏ॥
ਵਿਚ ਫਕੀਰੀ ਚਿਤ ਕਿਉਂ ਲਗੇ, ਜੇ ਨਫਸ ਨਾ ਕਾਬੂ ਪਾਣਾ ਏ।
ਨਫਸ ਮਾਰੇ ਬਿਨ ਮਨ ਨਹੀਂ ਮਰਦਾ, ਔਖਾ ਪੌਣ ਫਕੀਰੀ ਦਾ॥
ਚਿਤ ਗਰੀਬੀ ਅੰਦਰ ਰਖਣਾ, ਛਡਣਾ ਖਿਆਲ ਅਮੀਰੀ ਦਾ।
ਥੋੜਾ ਖਾਣਾ ਮਿੱਠਾ ਬੋਲਣ, ਰਖਣਾ ਕੀ ਦਲਗੀਰੀ ਦਾ॥
ਮਨ ਸਮਝੌਣਾ ਤਨ ਸਕਾਉਣਾ, ਇਉਂ ਬੂਟਾ ਪਲ ਫਕੀਰੀ ਦਾ।
ਜੱਗ ਝੂਠੇ ਤੋਂ ਰਹੇ ਨਿਆਰਾ, ਰਸਤਾ ਇਹ ਫਕੀਰੀ ਦਾ॥
ਇਸ ਜੱਗ ਦੇ ਫੰਦੇ ਨੂੰ ਛਡ ਕੇ, ਫਲ ਚਖ ਲਵੇ ਫਕੀਰੀ ਦਾ॥

❖ ❖ ❖

# ਸੰਤ ਸਧਾਨਾ ਜੀ ਨੇ ਹੋਰ ਉਪਦੇਸ਼ ਕਰਨਾ ਜਵਾਹਰ ਦਾਸ ਜੀ ਨੂੰ

ਪਹਿਲੇ ਤਜ ਕੇ ਕਾਮ ਕਰੋਧ ਤਾਈਂ, ਫਿਰ ਲੋਭ ਤੇ ਮੋਹ ਨੂੰ ਮਾਰ ਛੱਡੀਂ।
ਕਦੇ ਵਿੱਚ ਹੰਕਾਰ ਨਾ ਆਈਂ ਕਾਕਾ, ਨਾਲੇ ਈਰਖਾ ਦਵੈਤ ਵਿਸਾਰ ਛੱਡੀਂ ॥
ਦਿਨੇ ਰਹੀਂ ਤੂੰ ਸੇਵਾ ਦੇ ਵਿੱਚ ਜੁੜਿਆ, ਰਾਤੀਂ ਹਰੀ ਦਾ ਨਾਉਂ ਉਚਾਰ ਛੱਡੀਂ।
ਰਖੀਂ ਪ੍ਰੇਮ ਪਿਆਰ ਤੂੰ ਨਾਲ ਸਭ ਦੇ, ਝੂਠਾ ਜੱਗ ਦਾ ਪਿਆਰ ਵਸਾਰ ਛੱਡੀਂ ॥
ਸੇਵਾ ਸਿਮਰਨ ਦੀ ਸੱਚੀ ਤੂੰ ਕਾਰ ਕਰਕੇ, ਬੇੜਾ ਭਵਜਲੋਂ ਕਰ ਇਉਂ ਪਾਰ ਛੱਡੀਂ।
ਸੱਚਾ ਸੌਦਾ ਇਕੋ ਹਰੀ ਨਾਮ ਵਾਲਾ, ਹਰੀ ਨਾਮ ਦਾ ਕਰ ਬਿਉਪਾਰ ਛੱਡੀਂ ॥

○ ○

# ਸੇਵਾ ਦੀ ਵਡਿਆਈ

ਸੇਵਾ ਕੀਤੀ ਗੁਰੂ ਅੰਗਦ ਨੇ, ਦੂਜੀ ਜੋਤ ਜਗਾਈ।
ਗੁਰੂ ਅਮਰਦਾਸ ਦੀ ਸੇਵਾ ਕਰਕੇ ਲੈ ਲਈ ਸੀ ਗੁਰਿਆਈ ॥
ਸੇਵਾ ਕੀਤੀ ਬੀਬੀ ਭਾਨੀ, ਚੱਲੀ ਪੁਸਤ ਪੁਸ਼ਤ ਗੁਰਿਆਈ।
ਸੇਵਾ ਕੀਤੀ ਨਹਮੀ ਭਗਤ, ਜਿਹਦੀ ਹੁੰਡੀ ਆਪ ਤਰਾਈ ॥

ਸੇਵਾ ਕੀਤੀ ਨਾਮਦੇਵ ਜਿਨ, ਦਿਹੁਰਾ ਦੀਆ ਫਰਾਈ।
ਸੇਵਾ ਕੀਤੀ ਰਵੀਦਾਸ, ਵਿੱਚ ਪਾਣੀ ਪੱਥਰ ਤਰਾਈ ॥
ਸੇਵਾ ਕੀਤੀ ਧੰਨੇ ਜੱਟ, ਜਿਸ ਰੋਟੀ ਪੱਥਰ ਖਵਾਈ।
ਸੇਵਾ ਕੀਤੀ ਜਵਾਹਰ ਦਾਸ, ਘੰਟੀ ਦਰਗਹ 'ਚ ਵਜਾਈ ॥

○ ○

# ਬਾਬੇ ਜਵਾਹਰ ਦਾਸ ਦੀ ਸੇਵਾ ਦੀ ਘਾਲਣਾਂ

ਸੁੱਖ ਆਪਣਾ ਛੱਡ ਜਵਾਹਰ ਦਾਸ ਬਾਬੇ ਸੇਵਾ ਕਰਕੇ ਖੂਬ ਦਿਖਾਈ ਹੱਥੀਂ।
ਪਾਣੀ ਹਾਲੀਆਂ ਨੂੰ ਤੇ ਹਾਲੀ ਢੱਗਿਆਂ ਨੂੰ ਜਾ ਜਾ ਖੇਤਾਂ 'ਚ ਦਿੱਤਾ ਪਿਆਈ ਹੱਥੀਂ ॥
ਚੌਣਾ ਚਾਰਿਆ ਸੀ ਉਹਨਾਂ ਨਾਲ ਪਰਨੇ ਕਦੇ ਸੋਟੀ ਨਾ ਫੜੀ ਫੜਾਈ ਹੱਥੀਂ।
ਲਛਮਣ ਸਿੰਘ ਸਿਰ ਟੋਕਰੀ ਚੁੱਕ ਬਾਬੇ ਸੇਵਾ ਤਾਲ ਦੀ ਕਰ ਦਿਖਾਈ ਹੱਥੀਂ ॥

○ ○

## ਅੰਨ ਛੱਡ ਕੇ ਅਲੂਣੀ ਕੜ੍ਹੀ ਜਾਂ ਸਾਗ ਦਾ ਅਹਾਰ ਕਰਨਾ

ਚੋਖਾ ਸਮਾਂ ਨਾ ਸੰਤਾਂ ਨੇ ਅੰਨ ਖਾਦਾ, ਕੜ੍ਹੀ ਸਾਗ ਅਲੂਣਾ ਹੀ ਖਾਂਵਦੇ ਸੀ।
ਆਪ ਦੁੱਧ ਦਹੀਂ ਨਾਹੀਂ ਘਿਉ ਖਾਦਾ, ਆਈ ਸੰਗਤ ਨੂੰ ਨਿੱਤ ਛਕਾਂਵਦੇ ਸੀ॥
ਸੰਗਤ ਮਾਇਆ ਜੋ ਆਣ ਚੜ੍ਹਾਂਵਦੀ ਸੀ, ਹੱਥ ਉਸ ਨੂੰ ਮੂਲ ਨਾ ਲਾਂਵਦੇ ਸੀ।
ਕਰਦੇ ਕਠਿਨ ਤਪੱਸਿਆ ਰਾਤ ਸਾਰੀ, ਗੁਪਤ ਸੰਤਾਂ ਨਾਲ ਮੇਲ ਮਿਲਾਂਵਦੇ ਸੀ॥
ਚੰਗੇ ਸਮਝਿਆ ਆਪ ਤੋਂ ਦੂਜਿਆਂ ਨੂੰ, ਤਾਹੀਓਂ ਮਾਣ ਜਹਾਨ ਵਿੱਚ ਪਾਂਵਦੇ ਸੀ।
ਸੇਵਾ ਸਿਮਰਨ ਦਾ ਆਹਰ ਸੀ ਦਿਨੇ ਰਾਤੀਂ, ਨਾਮ ਜਪਦੇ, ਸੇਵਾ ਕਮਾਂਵਦੇ ਸੀ।
ਦੂਰੋਂ ਨੇੜਿਓਂ ਬਾਬੇ ਦਾ ਜੱਸ ਸੁਣਕੇ, ਦਰਸ਼ਨ ਕਰਨ ਪ੍ਰੇਮੀ ਚੱਲ ਆਂਵਦੇ ਸੀ॥
ਸੇਵਾ ਸਿਮਰਨ ਦਾ ਸੱਚਾ ਉਪਦੇਸ਼ ਦੇਕੇ, ਲਛਮਣ ਸਿੰਘ ਹੁਰਾਂ ਨੂੰ ਰਾਹੇ ਪਾਂਵਦੇ ਸੀ।

## ਸਾਲ ਭਰ ਦੀ ਅਣਥੱਕ ਸੇਵਾ ਤੇ ਸੰਤ ਸਧਾਨਾ ਜੀ ਨੇ ਪਰਸੰਨ ਹੋ ਕੇ ਸੇਵਾ ਪਰਵਾਨ ਕਰਨੀ। ਨਾਮ ਦਾਨ ਦੀ ਬਖਸ਼ਿਸ਼ ਕਰਨੀ ਤੇ ਵਾਪਸ ਪਿੰਡ ਜਾਣ ਦੀ ਆਗਿਆ ਦੇਣੀ।

ਸੇਵਕ ਰਹੇ ਜੋ ਆਗਿਆਕਾਰੀ, ਗੁਰ ਉਸ ਨੂੰ ਪਾਰ ਲਗਾਉਂਦਾ ਏ।
ਹੱਥੀਂ ਸੇਵਾ ਚਿੱਤ ਨਾਮ ਵੱਲ, ਕਦਰ ਗੁਰਾਂ ਤੋਂ ਪਾਉਂਦਾ ਏ॥
ਬਾਬੇ ਨੇ ਸੀ ਮੰਨਿਆ ਕਹਿਣਾ, ਹਰਦਮ ਸੇਵ ਕਮਾਉਂਦਾ ਏ।
ਭਰ ਖੁਰਲੀ ਪਾਣੀ ਦੀ ਹਰਦਮ, ਗਊਆਂ ਤਾਈਂ ਪਿਲਾਉਂਨਾ ਏ॥
ਜੁੜੇ ਰਹਿਣ ਸੇਵਾ ਵਿੱਚ ਹਰਦਮ, ਬਹਿਣਾ ਮੂਲ ਨਾ ਭਾਉਂਦਾ ਏ।
ਸੇਵਾ ਕਰਕੇ ਗੁਰੂ ਦੀ ਹੱਥੀਂ, ਤਾਂ ਫਿਰ ਭੋਜਨ ਪਾਉਂਦਾ ਏ॥
ਪੂਰਾ ਸਾਲ ਨਿਭਾਈ ਸੇਵਾ, ਸੰਤਾਂ ਦਰ ਪਰਵਾਨ ਹੋਈ।
ਨਾਮ ਦਾਨ ਦੀ ਜੁਗਤੀ ਜਵਾਹਰ ਦਾਸ ਨੂੰ ਸੀ ਵਰਦਾਨ ਹੋਈ॥
ਥਾਪਣਾ ਦੇਕੇ ਕਹਿਣ ਲੱਗੇ, ਹੁਣ ਪਰਤ ਘਰਾ ਨੂੰ ਜਾਵੇ ਜੀ।
ਸੇਵਾ ਸਿਮਰਨ ਆਪ ਕਰੋ, ਤੇ ਹੋਰਾਂ ਨਾਮ ਜਪਾਵੇਂ ਜੀ॥

## ਆਪਣੇ ਗੁਰੂ, ਸੰਤ ਸਧਾਨਾ ਜੀ ਦੀ ਆਗਿਆ ਮਿਲਣ ਤੇ ਪਿੰਡ ਨੂੰ ਵਾਪਸ ਆ ਜਾਣਾ

ਆਗਿਆ ਪਾਕੇ ਗੁਰੂ ਦੇ ਪਾਸੋਂ, ਚਾਲੇ ਪਿੰਡ ਵੱਲ ਪਾਏ ਸੀ।
ਕੁਝ ਸਮੇਂ ਵਿਚ ਪੰਧ ਮੁਕਾ ਕੇ, ਨੱਗਰ ਆਪਣੇ ਆਏ ਸੀ॥
ਆਕੇ ਉਸ ਜਗਾ ਤੇ ਬੈਠੇ, ਜਿੱਥੇ ਪਹਿਲੇ ਡੇਰਾ ਸੀ।
ਦਿਨੇ ਸੇਵਾ ਤੇ ਰਾਤੀਂ ਸਿਮਰਨ, ਕਰਦੇ ਰੈਣ ਬਸੇਰਾ ਸੀ॥

ਖੁਰਲੀ ਆਣ ਬਣਾਈ ਕੱਚੀ, ਰੋਜ਼ ਪਾਣੀ ਨਾਲ ਭਰਦੇ ਸੀ।
ਪਸ਼ੂਆਂ ਨੂੰ ਜਲ ਛਕਾਵਣ ਵਾਲੀ, ਸੇਵਾ ਨਿੱਤ ਉਠ ਕਰਦੇ ਸੀ॥
ਪਾਣੀ ਗੰਧਲਾ ਨਾ ਹੋ ਜਾਵੇ, ਇਸ ਗੱਲੋਂ ਵੀ ਡਰਦੇ ਸੀ।
ਖੁਰਲੀ ਪੱਕੀ ਬਣਾਈ ਸੀ ਫਿਰ, ਨਿਰਮਲਾ ਜਲ ਨਾਲ ਭਰਦੇ ਸੀ॥
ਭਰਦੇ ਰਹੇ ਰੋਜ਼ ਹੀ ਖੁਰਲੀ, ਸਾਫ਼ ਸ਼ਾਮ ਨੂੰ ਕਰ ਦਿੰਦੇ।
ਸੁਬਹ ਸਵੇਰੇ ਉਠ ਕੇ ਫਿਰ, ਪਾਣੀ ਨਾਲ ਖੁਰਲੀ ਭਰ ਦਿੰਦੇ॥
ਪਾਣੀ ਮਾਲ ਹਮੇਸ਼ਾ ਪੀਂਦਾ, ਹੋਰਾਂ ਨੂੰ ਵੀ ਸੇਵਾ ਵਿਚ ਲਾ ਲੈਂਦੇ।
ਘੜਾ ਪਾਣੀ ਦਾ ਮੋਢ ਧਰਕੇ. ਗੜਵੀ ਹੱਥ ਫੜਾ ਲੈਂਦੇ॥
ਹਾਲੀਆਂ ਤਾਈਂ ਪਿਲਾਵਣ ਪਾਣੀ, ਫਿਰ ਫਿਰ ਗੇੜਾ ਲਾ ਲੈਂਦੇ।
ਊਚ ਨੀਚ ਦਾ ਫਰਕ ਨ ਜਾਤਾ, ਸਭ ਦੀ ਸੇਵਾ ਕਮਾ ਲੈਂਦੇ॥
ਸਾਰਾ ਦਿਨ ਪਾਣੀ ਦੀ ਸੇਵਾ, ਰਾਤੀਂ ਤਾਲ ਪਟਾ ਲੈਂਦੇ।
ਸੌ ਟੋਕਰੀ ਮਿੱਟੀ ਕੱਢਣੀ, ਨਿਸ਼ਚਾ ਇਹੋ ਬਣਾ ਲੈਂਦੇ॥
ਹੱਥ ਪੈਰ ਸੇਵਾ ਵਿਚ ਲਾਕੇ, ਸੁਰਤ ਸ਼ਬਦ ਨਾਲ ਲਾ ਲੈਂਦੇ।
'ਨਾ ਕੋ ਵੈਰੀ ਨਾਹਿ ਬਿਗਾਨਾ', ਐਸੀ ਮਨ ਪ੍ਰੀਤ ਬਣਾ ਲੈਂਦੇ॥
ਨਾਲ ਪ੍ਰਭੂ ਦੇ ਪਿਆਰ ਸੀਪਾਇਆ, ਉਹਦਾ ਹੀ ਜਸ ਗਾਉਂਦੇ ਸਨ।
ਸੇਵਾ ਸਾਧ ਸੰਗਤ ਦੀ ਹੱਥੀਂ, ਰੱਜ-ਰੱਜ ਖੂਬ ਕਮਾਉਂਦੇ ਸਨ॥
ਜੇ ਕਿਧਰੇ ਕੋਈ ਕੌੜਾ ਬੋਲੇ, ਮਿੱਠਤ ਆਪ ਦਿਖਾਉਂਦੇ ਸਨ।
ਵਿਚ ਹੰਕਾਰ ਜੇ ਕੋਈ ਆਵੇ, ਨਿਮਰਤਾ ਆਪ ਦਿਖਾਉਂਦੇ ਸਨ॥
ਮੂਰਖ ਲੋਕ ਭੱਲ ਜੋ ਕਰਦੇ, ਆਪੇ ਖੁਦ ਪਛਤਾਂਦੇ ਸਨ।
ਬਾਬੇ ਦੇ ਆ ਲਛਮਨ ਸਿੰਘਾਂ, ਚਰਨੀਂ ਸੀਸ ਨਿਵਾਂਦੇ ਸਨ॥

O O

## ਆਹਰਾਂ ਪਿੰਡ ਦੇ ਫੋਗੂ ਆਦਧਰਮੀ ਨੇ ਸੰਤਾਂ ਤੋਂ ਮਾਇਆ ਲੁੱਟਣ ਦੀ ਨੀਤ ਧਾਰਨੀ

ਫੋਗੂ ਨਾਮ ਚਮਾਰ ਸੀ ਪਿੰਡ ਆਹਰਾਂ ਦਾ ਵਾਸੀ।
ਕੰਮ ਉਹ ਜਾਕੇ ਮਾਣਕਰਾਈ ਰੋੜ ਪੁੱਟਣ ਦਾ ਕਰਦਾ ਸੀ॥

ਕੱਲੇ ਬੈਠੇ ਸੰਤ ਵੇਖ ਦਿਲ ਵਿਚ ਵਿਚਾਰੇ।
ਚੰਗਾ ਮੌਕਾ ਹੈ ਇਹੋ ਲੁੱਟਣ ਦਾ ਪਿਆਰੇ॥

ਸੰਤਾ ਨੂੰ ਬੜੇ ਰੁਹਬ ਨਾਲ ਕਹਿੰਦਾ ਉਹ ਆਕੇ।
ਜੋ ਕੁਝ ਤੇਰੇ ਕੋਲ ਹੈ ਰੱਖ ਦੇ ਲਿਆਕੇ॥

ਸੰਤ ਆਂਖਦੇ ਕੋਲ ਅਸਾਡੇ ਕੌਲਾ ਤੇ ਇਕ ਗੜਵੀ ।
ਤੈਨੂੰ ਲੋੜ ਤਾਂ ਤੂਹੀਓਂ ਲੈਜਾ ਜਿੱਦਾਂ ਤੇਰੀ ਮਰਜ਼ੀ ।
ਲੈ ਗੜਵੀ ਕੌਲਾ ਤੁਰ ਪਿਆ ਨਹੀਂ ਦੂਰ ਗਿਆ ਸੀ ।
ਦਿਲ ਵਿਚ ਕਹਿੰਦਾ ਸੰਤ ਕੋਲ ਮਾਇਆ ਵੀ ਹੋਸੀ ॥

ਚੜ੍ਹਣ ਚੜ੍ਹਾਵੇ ਸੰਤਾਂ ਨੂੰ ਮਾਇਆ ਦੇ ਭਾਰੀ ।
ਖੋਹ ਲਈਏ ਦਬਕਾ ਮਾਰਕੇ ਮਾਇਆ ਭੀ ਸਾਰੀ ॥
ਮਾਇਆ ਆ ਜੂ ਹੱਥ ਤਾਂ ਫਿਰ ਮੌਜ ਕਰਾਂਗੇ ।
ਗਰਜਾਂ ਘਰ ਦੀਆਂ ਪੂਰੀਆਂ ਸਭ ਕਰ ਲਵਾਂਗੇ ॥

ਮੁੜ ਸੰਤਾਂ ਵੱਲ ਆ ਗਿਆ ਕਹੇ ਰੁਹਬ ਜਮਾਕੇ ।
ਰੱਖ ਦੇ ਮਾਇਆ ਸਾਧੂਆ ਜੋ ਰੱਖੀ ਛੁਪਾਕੇ ॥
ਨਹੀਂ ਤਾਂ ਡਾਂਗ ਇਹ ਵੇਖ ਲੈ ਜੋ ਪਾਸ ਹੈ ਮੇਰੇ ।
ਹੱਡ ਭੰਨ ਦਊਂ ਇਸ ਨਾਲ ਮੈਂ ਸਾਰੇ ਤੇਰੇ ॥

ਸੰਤਾਂ ਆਖਿਆ ਚੋਰ ਨੂੰ ਸੁਣ ਮੇਰੇ ਭਾਈ ।
ਮਾਇਆ ਅਸਾਂ ਕੋਈ ਜੋੜ ਕੇ ਹੈ ਨਹੀਂ ਰਖਾਈ ।
ਅਸਾਂ ਅਤੀਤ ਫਕੀਰ ਮਾਇਆ ਹੈ ਮਨੋ ਵਸਾਰੀ ।
ਬਸ ਗੜਵੀ ਕੌਲਾ ਝੌਂਪੜੀ ਜੈਦਾਦ ਹਮਾਰੀ ॥

ਰਖਦੇ ਮਾਇਆ ਜੋੜ ਕੇ ਹਨ ਮਾਇਆ ਧਾਰੀ ।
ਸੰਤਾਂ ਰੱਬ ਦੀ ਓਟ ਜੋ ਸੱਚਾ ਭੰਡਾਰੀ ॥

O O

## ਫੋਗੂ ਨੇ ਸੰਤਾਂ ਤੇ ਡਾਂਗ ਨਾਲ ਵਾਰ ਕਰਨਾ ਤੇ ਓਹੋ ਹੀ ਡਾਂਗ ਅਜ਼ਗੈਬੀ ਤਾਕਤ ਨਾਲ ਫੋਗੂ ਦੁਆਲੇ ਵਰ੍ਹਨੀ ਬਾਬੇ ਨੇ ਦਇਆ ਕਰਕੇ ਉਸਨੂੰ ਬਚੌਣਾ ।

ਫੋਗੂ ਕਹਿੰਦਾ ਸਾਧਾ ਤੈਨੂੰ ਪਤਾ ਨਹੀਂ ਮੇਰਾ ।
ਡਾਂਗ ਮਾਰ ਕੇ ਭੰਨ ਦਊਂ ਸਿਰ ਹੁਣੇ ਮੈਂ ਤੇਰਾ ॥

ਸਾਧੂ ਹੋਕੇ ਕਾਹਨੂੰ ਐਵੇਂ ਹੱਡ ਭੁਨਾਵੇਂ ।
ਮਾਇਆ ਰੱਖਥੇ ਕੱਢ ਕੇ ਕਿਉਂ ਦੇਰ ਲਗਾਵੇਂ ॥
ਫੋਗੂ ਡਾਂਗ ਸੀ ਮਾਰਦਾ ਗੁੱਸੇ ਵਿੱਚ ਆਕੇ ।
ਪਰ ਡਾਂਗ ਓਹੋ ਹੀ ਵਜਦੀ ਫੋਗੂ ਦੇ ਜਾਕੇ ॥

ਡਾਂਗ ਅਕਾਸ਼ੋ ਚਲੇ ਲੱਗੇ ਚੋਰ ਦੇ ਘੁਮ ਘੁਮਾਕੇ ।
ਫੋਗੂ ਕਹਿੰਦਾ ਇਹ ਕੀ ਬਣਿਆ ਫਸ ਗਿਆ ਕਿੱਥੇ ਆਕੇ ॥

ਕਿਧਰੋਂ ਪੈਂਦੀਆਂ ਕੌਣ ਮਾਰਦਾ ਪਤਾ ਨਾ ਕੋਈ ਲੱਗੇ ।
ਗਿੱਟਿਆਂ ਤੇ ਕਦੀ ਗੋਡਿਆਂ ਤੇ ਕਦੀ ਮੌਰਾਂ ਉੱਤੇ ਵੱਜੇ ॥

ਫੋਗੂ ਦੁਆਲੇ ਤਾਂਬੜ ਰਿਰਦਾ ਜਿਉਂ ਜੱਟ ਕੁੱਟਦੇ ਛੱਲੀਆਂ ।
ਕਹੇ ਬਚਾ ਲੈ ਛੇਤੀ ਬਾਬਾ ਮੇਰੀਆਂ ਹਨ ਟੁੱਟ ਚੱਲੀਆਂ ॥

ਹਾਲ ਪਾਹਰਿਆ ਕਰੇ ਬਥੇਰਾ ਮਿਨਤਾਂ ਤਰਲੇ ਪਾਕੇ ।
ਭੈੜਾ ਹਾਲ ਹੋਇਆ ਫੋਗੂ ਦਾ ਡਿੱਗ ਪਿਆ ਗਸ਼ ਖਾਕੇ ॥

ਹਾਲ ਫੋਗੂ ਦਾ ਦੇਖ ਦਇਆ ਦਿਲ ਸੰਤਾਂ ਦੇ ਸੀ ਆਈ ।
ਉਪਰ ਪੈ ਗਏ ਫੋਗੂ ਦੇ ਤਾਂ ਉਸਦੀ ਜਾਨ ਬਚਾਈ ॥

ੇ ੇ

## ਪਤਾ ਲੱਗਣ ਤੇ ਪਿੰਡ ਵਾਲਿਆਂ ਨੇ ਪੁਲਿਸ ਲਿਆਕੇ ਫਗੂ ਨੂੰ ਫੜੌਣਾ ਅਤੇ ਬਾਬੇ ਨੇ ਫਿਰ ਰਹਿਮ ਕਰਕੇ ਫੋਗੂ ਨੂੰ ਪੁਲਿਸ ਕੋਲੋਂ ਛੜੌਣਾ ਘਰ ਪਹੁੰਚਕੇ ਫੋਗੂ ਨੇ ਅੰਨ੍ਹਾਂ ਹੋ ਜਾਣਾ ਤੇ ਚਾਲੀ ਦਿਨ ਡੇਰੇ ਸੇਵਾ ਕਰਨ ਤੋਂ ਬਾਦ ਸੁਜਾਖਾ ਹੋਣਾ

ਪਤਾ ਲੱਗਾ ਜਾਂ ਪਿੰਡ ਨੂੰ ਲਿਆਏ ਪੁਲਸ ਚੜ੍ਹਾਕੇ ।
ਪੁਲਿਸ ਨੇ ਫੋਗੂ ਫੜ ਲਿਆ ਹੱਥ ਕੜੀਆਂ ਲਾਕੇ ॥

ਇਕ ਪਾਸਿਉਂ ਮਸਾਂ ਮਸਾਂ ਹੋਇਆ ਛੁਟਕਾਰਾ ।
ਵਿਚ ਕੁੜੱਕੀ ਫਸ ਗਿਆ ਫੋਗੂ ਦੋਬਾਰਾ ॥

ਅੱਗੇ ਕਹਿੰਦਾ ਬੈਠਾ ਹਾਂ ਮੈਂ ਹੱਡ ਭਨਾਕੇ ।
ਹੁਣ ਨਹੀਂ ਬਚਦਾ ਪੁਲਸ ਦੀ ਹੋਰ ਮਾਰ ਮੈਂ ਖਾਕੇ ।

ਤੂਹੀਂ ਬਾਬਾ ਬਖਸ਼ ਲੈ ਬਹੁੜੀਂ ਹੁਣ ਆਕੇ ।
ਨਹੀਂ ਮਾਰ ਦੇਣਗੇ ਮੈਨੂੰ ਇਹ ਪੁੱਠਾ ਲਟਕਾਕੇ ॥

ਬਾਬਾ ਜਵਾਹਰ ਦਾਸ ਦੇ ਦਿਲ ਰਹਿਮ ਸੀ ਆਇਆ ।
ਫੋਗੂ ਤਾਈਂ ਪੁਲਸ ਤੋਂ ਸੀ ਜਾ ਛੱਡਵਾਇਆ ॥

ਹੋਈ ਖਲਾਸੀ ਫੋਗੂ ਦੀ ਦਿਲ ਸ਼ੁਕਰ ਗੁਜ਼ਾਰੇ ।
ਧੰਨ ਤੂੰ ਬਾਬਾ ਜਵਾਹਰ ਦਾਸ ਤੈਥੋਂ ਬਲਿਹਾਰੇ ॥

ਫੱਗੂ ਸਮਝਿਆ ਹੁਣ ਤਾਂ ਹੋ ਗਈ ਖਲਾਸੀ।
ਪਰ ਇਸਦਾ ਕੀ ਪਤਾ ਸੀ ਕਿ ਅਜੇ ਰਹਿੰਦੀ ਬਾਕੀ ॥

ਘਰ ਪਹੁੰਚ ਕੇ ਚੋਰ ਅੱਖਾਂ ਤੋਂ ਅੰਨ੍ਹਾਂ ਹੋਇਆ।
ਧਿਆਨ ਧਰੇ ਫਿਰ ਬਾਬੇ ਦਾ ਨਾਲੇ ਰਜ ਰਜ ਰੋਇਆ ॥

ਪੁੱਤਰ ਆਪਣਾ ਨਾਲ ਲੈ ਓਹ ਡੇਰੇ ਆਇਆ।
ਚਰਨੀ ਢਹਿ ਪਏ ਬਾਬੇ ਦੀ ਸਭ ਮਾਣ ਗਵਾਇਆ ॥

ਫੱਗੂ ਕਹਿੰਦਾਂ ਬਖਸ਼ ਲਓ ਦੇ ਦਿਓ ਮੁਆਫੀ।
ਚੋਰੀ ਕਦੇ ਨਾ ਕਰੂੰਗਾ ਮੈਨੂੰ ਕਸਮ ਖੁਦਾ ਕੀ ॥

ਮੰਦ ਕਰਮਾਂ ਦਾ ਮਾਰਿਆ ਬੈਠਾ ਅੰਧ ਕਮਾਕੇ।
ਸੇਵਾ ਕਰੂੰਗਾ ਡੇਰੇ ਹੁਣ ਮੈਂ ਮਨ ਚਿੱਤ ਲਾਕੇ ॥

ਪਾਇਆ ਰੱਬ ਦਾ ਵਾਸਤਾ ਸੰਤਾ ਦੇ ਅੱਗੇ।
ਸੰਤ ਦਿਆਲੂ ਹੋ ਉਹਨੂੰ ਫਿਰ ਬਖਸ਼ਣ ਲੱਗੇ ॥

ਮੰਨ ਖੁਦਾ ਦਾ ਵਾਸਤਾ ਮਿਹਰਾਂ ਦੇ ਸਾਈਂ।
ਧੂਏਂ ਦੀ ਸੇਵਾ ਸੌਂਪ ਦਿੱਤੀ ਫੱਗੂ ਦੇ ਤਾਈਂ ॥

ਚਾਲੀ ਦਿਨ ਪੂਰੇ ਉਸ ਨੇ ਸੀ ਧੂਆਂ ਪਾਇਆ।
ਸਭ ਸੰਗਤ ਨੇ ਦੇਖਿਆ ਸੇਵਾ ਵਿੱਚ ਆਇਆ ॥

ਮੰਨਿਆ ਦਿਲੋਂ ਕਸੂਰ ਸੀ ਨਾਲੇ ਸੇਵਾ ਕਮਾਈ।
ਬਖਸ਼ੋ ਮੈਂ ਅਪ੍ਰਾਧੀ ਨੂੰ ਕਰਦਾ ਅਰਜੋਈ ॥

ਚਾਲੀ ਦਿਨ ਦੇ ਬਾਦ ਸੁਜਾਖਾ ਫੱਗੂ ਹੋਇਆ।
ਸੇਵਾ ਕਰ ਕਲੰਕ ਸੀ ਜਿਸ ਆਪਣਾ ਧੋਇਆ ॥

ਬਾਰ ਬਾਰ ਉਹ ਸੰਤਾਂ ਦਾ ਦਿਲ ਸ਼ੁਕਰ ਗੁਜ਼ਾਰੇ।
ਬਾਬੇ ਜਵਾਹਰ ਦਾਸ ਤੋਂ ਜਾਂਦਾ ਬਲਿਹਾਰੇ ॥

ਕਹਿੰਦਾ ਤਾਰਨ ਹਾਰ ਤੂੰ ਤੈਂ ਪਾਪੀ ਤਾਰੇ।
ਲੁੱਟਣ ਆਏ ਤੈਨੂੰ ਜੋ ਤੈਂ ਉਹ ਵੀ ਤਾਰੇ ॥

ਮਹਿਮਾਂ ਜਵਾਹਰ ਦਾਸ ਦੀ ਲਛਮਣ ਸਿੰਘ ਗਾਵੇ।
ਸਾਧੂ ਲੈਂਦੇ ਬਖਸ਼ ਜੋ ਸ਼ਰਨੀ ਚਲ ਆਵੇ ॥

○ ○

## ਬਾਬੇ ਜਵਾਹਰ ਦਾਸ ਜੀ ਨੇ ਸਾਧੂਆਂ ਸੰਤਾਂ ਦੀ ਅਤ ਸੰਗਤ ਦੀ ਸੇਵਾ ਵਾਸਤੇ ਗਊਆਂ ਰੱਖਣੀਆਂ

ਸੇਵਾ ਵਾਸਤੇ ਰੱਖੀਆਂ ਸੀ ਗਾਈਆਂ ਗੰਗਾ ਜਮਨਾ ਜਿਨ੍ਹਾਂ ਦਾ ਨਾਮ ਲੈਂਦੇ ।
ਆਏ ਗਏ ਦੀ ਪ੍ਰੇਮ ਨਾਲ ਕਰਨ ਸੇਵਾ, ਸਦਾ ਸੰਤਾਂ ਦਾ ਰਿਹਾ ਦਸਤੂਰ ਕਹਿੰਦੇ ॥
ਆਪ ਦੁੱਧ ਨਾ ਦਹੀਂ ਨਾਂ ਘਿਉ ਛਕਦੇ ਸੇਵਾ ਦੂਜਿਆਂ ਦੀ ਕਰਦੇ ਨਿੱਤ ਰਹਿੰਦੇ ।
ਦਿਨੇਂ ਸੇਵਾ, ਰਾਤੀਂ ਸਿਮਰਨ ਕਰਨ ਡਟਕੇ ਨਾਮ ਜਪਦੇ ਸੀ ਅਨੰਦ ਚਿੱਤ ਰਹਿੰਦੇ ॥

○ ○

## ਇਕ ਦਿਨ ਸਵੇਰ ਵੇਲੇ ਇਕ ਸੰਤ ਨੇ ਡੇਰੇ ਆਉਣਾ ਅਤੇ ਬਾਬਾ ਜੀ ਨੇ ਆਪਣੇ 'ਸ਼ੇਰਾ' ਨਾਮ ਦੇ ਚੇਲੇ ਨੂੰ ਸੰਤਾਂ ਨੂੰ ਦੁਧ ਛਕਾਉਣ ਨੂੰ ਕਹਿਣਾ

ਇਕ ਰੋਜ਼ ਕਹਿੰਦੇ ਵਕਤ ਸਵੇਰੇ ਦੇ, ਸਾਧੂ ਚਲ ਆਇਆ ਇਕ ਵਿਚ ਡੇਰੇ ਦੇ ।
'ਸ਼ੇਰੇ' ਨੂੰ ਬਾਬੇ ਨੇ ਕਿਹਾ ਇੰਜ ਕਰੋ ਜੀ, ਸੰਤਾਂ ਨੂੰ ਛਕਾਓ ਦੁੱਧ ਸੇਵਾ ਕਰੋ ਸੀ ।
ਦੁੱਧ ਤਾਂ ਹੈ ਥੋੜਾ ਕਹਿਣ ਲੱਗਾ ਸ਼ੇਰਾ ਜੀ, ਇੰਨੇ ਨਾਲ ਹੋਣਾ ਗੁਜ਼ਾਰਾ ਮੇਰਾ ਵਾਂ।
ਕਹਿੰਦੇ ਬੇਟਾ ਦੁੱਧ ਸੰਤਾਂ ਨੂੰ ਪਿਆਲਦੇ, ਅੱਜ ਦਿਨ ਆਪਣਾ ਐਵੇਂ ਹੀ ਟਾਲ ਦੇ ॥
ਸੇਰਾ ਕਹਿੰਦਾ ਭਾਂਡਾ ਮੈਂ ਲਗਾਇਆ ਕੋਰਾ ਜੀ, ਇਸ ਲਈ ਦੁੱਧ ਹੋ ਗਿਆਂ ਹੈ ਥੋੜਾ ਜੀ ।
ਤੀਜੀ ਬਾਂਰ ਸੰਤਾਂ ਨੇ ਬਚਨ ਕੀਤਾ ਸੀ, ਪਰ ਚੇਲੇ ਫੇਰ ਨਹੀਂ ਧਿਆਨ ਦਿੱਤਾ ਸੀ ॥
ਇਹ ਦੁੱਧ ਸੰਗਤਾਂ ਨੂੰ ਹੈ ਪਿਲਾਉਣ ਵਾਸਤੇ, ਰੱਜਿਆਂ ਨੂੰ ਇਹ ਨਹੀਂ ਰਜਾਉਣ ਵਾਸਤੇ ।
ਸੇਵਾ ਬਾਹਰੋਂ ਆਇਆਂ ਦੀ ਜ਼ਰੂਰ ਕਰੀਏ, ਆਪ ਭਾਵੇਂ ਕਦੇ ਭੁੱਖ ਤੇਹ ਵੀ ਜਰੀਏ ॥
ਲੱਗ ਕਿਤੇ ਜਾਵੇ ਨਾ ਸਰਾਫ ਸੰਤ ਦਾ, ਔਖਾਂ ਫਿਰ ਹੋ ਜਾਊ ਮਿਲਣਾ ਬਸੰਤ ਦਾ ।
ਏਨੀ ਗੱਲ ਮੂੰਹੋਂ ਕਢਣੇ ਦੀ ਦੇਰ ਸੀ, ਦੁੱਧ ਗਾਈਆਂ ਨੇ ਨਾ ਦਿੱਤਾ ਕਦੇ ਫੇਰ ਸੀ ॥

○ ○

## ਚੇਲੇ ਨੇ ਗਊਆਂ ਦਾ ਇਲਾਜ ਕਰੌਣਾ ॥

ਚੇਲਾ ਦਵਾ ਦਾਰੂ ਤੇ ਟੂਣੇ ਕਰਾਂਵਦਾ, ਪਰ ਸੰਤਾਂ ਦਾ ਮੂੰਹੋਂ ਕਿਹਾ ਬਿਰਥਾ ਨਾ ਜਾਂਵਦਾ ।
ਦਵਾਈਆਂ ਤੇ ਉਪਾ ਕੀਤੇ ਨੇ ਬਥੇਰੇ ਜੀ, ਵਾਹ ਨਾ ਚਲੀ ਬਾਬੇ ਦੇ ਹੁਕਮ ਅਗੇਰੇ ਜੀ ॥
ਬਚਨ ਪੂਰਾ ਹੋਇਆ ਬਾਬੇ ਵਾਲਾ ਦੇਖਕੇ, ਫੜ ਲਏ ਚਰਨ ਉਸ ਮੱਥਾ ਟੇਕ ਕੇ ।
ਕਹਿੰਦਾ ਬਖਸ਼ ਲਵੋ ਮੈਨੂੰ ਗੁਨਾਹਗਾਰ ਨੂੰ, ਅੱਗੋਂ ਨਾ ਕਰੂੰਗਾ ਕਦੇ ਐਸੀ ਕਾਰ ਨੂੰ ॥
ਕਿਰਪਾ ਕਰੋ ਦਾਸ ਉੱਤੇ ਇਕ ਵੇਰ ਜੀ, ਦੁੱਧ ਦੇਣ ਲਗ ਪੈਣ ਗਾਈਆਂ ਫੇਰ ਜੀ ।
ਮੈਂ ਨਾ ਕਦੇ ਫੇਰ ਦੁੱਧ ਘੇ ਛੁਪਾਵਾਂਗਾ, ਸੰਤਾਂ ਦੀ ਸੇਵਾ ਰੱਜ ਕੇ ਕਮਾਵਾਂਗਾਂ ॥

○ ○

## ਵਾਕ ਬਾਬਾ ਜਵਾਹਰ ਦਾਸ ਜੀ

ਤੀਰ ਨਿਕਲ ਜਾਏ ਜਿਹੜਾ ਕਮਾਨ ਵਿਚੋਂ. ਮੁੜ ਆਵੇ ਨ ਵਿੱਚ ਕਮਾਨ ਕਾਕਾ।
ਜਿਹੜਾ ਬਚਨ ਜਬਾਨ ਤੋਂ ਨਿਕਲ ਜਾਂਵੇ, ਪਰਤ ਆਏ ਨਾ ਵਿਚ ਜਬਾਨ ਕਾਕਾ।
ਗਊਆਂ ਦੁੱਧ ਦੇਣੋਂ ਹਨ ਹਟ ਗਈਆਂ, ਦੁੱਧ ਫੇਰ ਇਹ ਕਿਵੇਂ ਪਿਆਣ ਕਾਕਾ।
ਸੇਵਾ ਸਿਮਰਨ ਤੋਂ ਜੇ ਹਟ ਜਾਈਏ, ਕੀਤੇ ਆਪਣੇ ਹੀ ਅੱਗੇ ਆਣ ਕਾਕਾ॥
ਤੇਰਾ ਇਹਨਾਂ ਨਾਲ ਏਨਾਂ ਹਸਾਬ ਹੈ ਸੀ, ਗਿਆ ਅੱਜ ਤੋਂ ਮੁਕ ਮੁਕਾ ਕਾਕਾ।
ਜੇਕਰ ਲੋੜ ਹੈ ਸੇਵਾ ਕਮਾਂਵਣੇ ਦੀ, ਗਊਆਂ ਹੋਰ ਲੈ ਆਓ ਕਿਤੋਂ ਜਾ ਕਾਕਾ॥

○ ○

## ਹੋਰ ਗਾਈਆਂ ਖਰੀਦ ਲੈਣੀਆਂ

ਲਈਆਂ ਹੋਰ ਸੀ ਗਾਈਆਂ ਖਰੀਦ ਚੇਲੇ, ਆਏ ਗਾਏ ਸੇਵ ਕਮਾਵਣੇ ਨੂੰ।
ਬਚਨ ਸੰਤਾਂ ਦਾ ਕਦੀ ਨਾ ਮੋੜਦਾ ਸੀ, ਦਿਲੋਂ ਚਾਹੁੰਦਾ ਸੀ ਭੁੱਲ ਬਖਸ਼ਾਵਣੇ ਨੂੰ॥
ਕੌਤਕ ਦੇਖਕੇ ਪੂਰਾ ਯਕੀਨ ਆਇਆ, ਕਰਨੀ ਵਾਲੇ ਪੂਰੇ ਇਹ ਸੰਤ ਹੈਂ ਜੀ।
ਪੂਰੀ ਹੋਈ ਤਸੱਲੀ ਮਨ ਕਹਿਣ ਲੱਗਾ ਚਰਨ ਪਰਸਣੇ ਯੋਗ ਇਹ ਸੰਤ ਹੈਂ ਜੀ।
ਨਿਹਚਾ ਹੋਈ ਪੂਰੀ ਮਨ ਸ਼ਾਂਤ ਹੋਇਆ, ਨਿਕਲ ਗਏ ਸਭ ਗਰਬ ਗਰੂਰ ਵਿਚੋਂ।
ਬੜੇ ਪ੍ਰੇਮ ਨਾਲ ਸੰਤਾਂ ਦੀ ਕਰੇ ਸੇਵਾ, ਮੋਹ ਛਡਿਆ ਸਭ ਸੰਸਾਰ ਵਿਚੋਂ।

○ ○

## ਦੁੱਧੋਂ ਹਟੀਆਂ ਗੰਗਾ ਜਮਨਾ ਗਾਈਆਂ ਬਾਰੇ

ਖੁੱਲੇ ਖੇਤੀਂ ਛੱਡ ਗਊਆਂ ਨੂੰ ਚਰੌਣ ਜੀ, ਕਿਸੇ ਖੇਤੋਂ ਲੋਕ ਨਾ ਕਦੇ ਹਟੌਣ ਜੀ।
ਸਾਹਨਾਂ ਵਾਂਗੂ ਜਿਥੇ ਚਾਹੁਣ ਸੀ ਚਰਦੀਆਂ, ਰਾਜੀ ਹੋਈਆਂ ਖੂਬ ਚਰਦੀਆਂ ਹੀ ਚਰਦੀਆਂ।
ਚੰਗੇ ਕਰਮਾਂ ਦਾ ਫਲ ਮਿਲਦਾ ਹੈ ਫੇਰ ਜੀ, ਚਾਰੇ ਵਾਲਾ ਲੱਗਾ ਰਹੇ ਅੱਗੇ ਢੇਰ ਜੀ।
ਬੈਲ ਸਦਾ ਵਗਦੇ ਹਲਾਂ ਦੇ ਗੇੜ ਜੀ, ਰਜਵਾਂ ਨਾ ਚਾਰਾ ਏਨਾ ਮਿਲੇ ਫੇਰ ਵੀ।
ਦੇਨ ਗਾਈਆਂ ਦੁੱਧ ਹੋਰ ਵੀ ਬਥੇਰਾ ਜੀ, ਰਜਵਾਂ ਨਾ ਮਿਲੇ ਉਹਨਾਂ ਤਾਈਂ ਪੇੜਾ ਜੀ॥
ਔਂਦੇ ਜਾਂਦੇ ਲੋਕ ਆਟਾ ਸੀ ਲਿਆਂਵਦੇ, ਗਾਈਆਂ ਨੂੰ ਖੁਆਕੇ ਸੇਵਾ ਸੀ ਕਮਾਂਵਦੇ।
ਲਛਮਣ ਸਿੰਘਾ ਵੇਖ ਰੰਗ ਕਰਤਾਰ ਦੇ, ਰੱਜਿਆਂ ਨੂੰ ਲੋਕ ਹੋਰ ਭੀ ਰਜ਼ਾਂਵਦੇ॥
ਪਿਛਲੇ ਕਰਮ ਜੋ ਉਘੜ ਆਂਵਦੇ, ਕਰਮਾਂ ਦਾ ਫਲ ਸਭ ਹੈਨ ਪਾਂਵਦੇ॥

○ ○

## ਬਾਬਕ ਦਰੀਏ ਦੇ 'ਬੇਲੇ' ਜੱਟ ਨੇ ਚੇਲਾ ਬਨਣ ਦੀ ਸ਼ਰਧਾ ਨਾਲ ਸੰਤਾਂ ਕੋਲ ਸੂਸ ਪਿੰਡ ਵਿਖੇ ਆਉਣਾ

ਪਿੰਡ ਜੋ ਦਰੀਏ ਬਾਬਕ ਦਾ, ਜੱਟ ਬੇਲਾ ਨਾਮ ਕਹਾਵੇ ।
ਗੁਰ ਧਾਰਨ ਦੀ ਨੀਤ ਧਾਰ ਕੇ, ਚਲ ਸੰਤਾਂ ਪਾਸ ਆਵੇ ॥
ਕਹਿਣ ਲੱਗਾ ਆ ਸੰਤਾਂ ਤਾਈਂ ਚਰਨੀਂ ਮੈਂਨੂੰ ਲਾਵੋ ।
ਕਿਰਪਾ ਕਰਕੇ ਨਾਮ ਜਪਣ ਦੀ ਮੈਂਨੂੰ ਜੁਗਤ ਬਤਾਵੋ ।
ਕਹਿੰਦਾ ਮਿਹਰ ਕਰ ਬਾਬਾ ਮੈਂਨੂੰ ਆਪਣੀ ਚਰਨੀਂ ਲਾਵੇ,
ਜਨਮ ਮਨੁੱਖਾ ਹੋਇ ਸਫਲਾ ਜੋ ਐਵੇਂ ਪਿਆ ਬਿਹਾਵੇ ।
ਬਾਝ ਗੁਰੂ ਦੇ ਗਿਆਨ ਨਾ ਮਿਲਦਾ ਭਾਵੇਂ ਕਿਤੇ ਵੀ ਜਾਵੇ ।
ਗਿਆਨ ਬਿਨਾਂ ਨਾ ਮੁਕਤੀ ਹੁੰਦੀ ਫਿਰ ਫਿਰ ਜੂਨੀ ਆਵੇ ।
'ਸੰਤ ਕਾ ਮਾਰਗ ਧਰਮ ਕੀ ਪੌੜੀ' ਐਸੇ ਮਾਰਗ ਪਾਵੋ ।
ਭਰਮ ਭੂਤਨਾ ਦਿਲ ਦਾ ਕੱਢ ਕੇ ਹਿਰਦੇ ਠੰਡ ਵਰਤਾਵੋ ॥
ਕੰਮਾਂਕਾਰਾਂ ਦੇ ਵਿਚ ਕਹਿੰਦਾ ਬਹੁਤੀ ਉਮਰ ਬਿਹਾ ਗਈ ਹੈ,
ਰਹਿ ਗਈ ਥੋੜਾ ਸਮਾਂ ਹੁਣ ਦਿਸੇ ਮੰਜ਼ਲ ਨੇੜੇ ਆ ਗਈ ਹੈ ।
ਬੇਲਾ ਬੀਤਿਆ ਕਹਿੰਦਾ ਬੇਲਾ ਦਿਸੇ ਨਾਂ ਕੋਈ ਕਿਨਾਰਾ ਜੀ,
ਚਰਨੀ ਲਾ ਕੇ ਭਵਜਲੋਂ ਤਾਰੋ ਮਿਲ ਜਾਏ ਨਾਮ ਆਧਾਰਾ ਜੀ ।
'ਚਾਰ ਪਦਾਰਥ ਜੇ ਕੋ ਮਾਗੈ' ਚਰਨੀ ਲਗ ਜਾਏ ਸੰਤਾਂ ਦੀ
ਲਛਮਣ ਸਿੰਘਾ ਭਾਗ ਜਾਗਦੇ ਐਸੀ ਕੁਟੀਆ ਸੰਤਾਂ ਦੀ ॥

○ ○

## ਬਾਬਾ ਜਵਾਹਰ ਦਾਸ ਜੀ ਦਾ ਬੇਲੇ ਜੱਟ ਨੂੰ ਉਪਦੇਸ਼ ਦੇਣਾ

ਬੇਲੇ ਜੱਟ ਦੇ ਭਾਗ ਜਾਗ ਪਏ, ਜੋ ਦਰ ਸੰਤਾਂ ਦੇ ਆਇਆ ।
ਨਾਮ ਜਪਣ ਦਾ ਬਾਬੇ ਉਸ ਨੂੰ, ਸੀ ਉਪਦੇਸ਼ ਬਤਾਇਆ ।
ਸੁਣ ਉਪਦੇਸ਼ ਠੰਡ ਵਰਤ ਗਈ, ਖਹਿ ਗਇਆ ਮਨ ਚਿਤ ਲਾਕੇ ।
ਸੰਤਾਂ ਚਰਨੀ ਡੇਰੇ ਲਾ ਲਏ, ਸਭ ਕੁਝ ਛਡ ਛਡਾ ਕੇ ॥
ਤਿਆਗ ਦਿੱਤਾ ਅੰਨ ਖਾਣਾ ਬੇਲੇ, ਪੀਵੇ ਭੰਗ ਬਣਾ ਕੇ ।
ਘੋਰ ਤਪੱਸਿਆ ਕਰਦਾ ਰਹਿੰਦਾ, ਬਹੇ ਚੌਂਕੜੀ ਲਾ ਕੇ ॥
ਬਿਰਤੀ ਸ਼ੁੱਧ ਹੋ ਗਈ ਉਸਦੀ, ਮਨ ਸੰਤਾਂ ਚਰਨੀ ਲਾਇਆ ।
ਲਛਮਣ ਸਿੰਘਾ ਜਨਮ ਸੰਵਰਿਆ, ਗੁਰੂ ਦਾ ਸ਼ਬਦ ਕਮਾਇਆ ॥

○ ○

# ਪ੍ਰੇਮ ਅਤੇ ਭਗਤੀ ਨਾਲ ਪ੍ਰਭੂ ਭਗਤਾਂ ਦੇ ਵੱਸ ਹੋ ਜਾਂਦਾ ਹੈ
## (ਕਲਾਮ ਸ਼ਾਇਰ)

ਪ੍ਰੇਮ ਪ੍ਰਭੂ ਨਾਲ ਜਿਸ ਨੇ ਕੀਤਾ, ਮਨ ਹਰ ਚਰਨੀ ਲਾਇਆ ।
ਹਰਿ ਜੀ ਆਪਣਾ ਨੂਰੀ ਦਰਸ਼ਨ, ਭਗਤਾਂ ਤਾਈਂ ਦਿਖਾਇਆ ॥
ਠਾਕਰ 'ਚੋਂ ਰੱਬ ਪਾਇਆ ਧੰਨੇ ਐਸਾ ਪ੍ਰੇਮ ਕਮਾਇਆ ।
ਵੱਸ ਹੋਕੇ ਰੱਬ ਬੈਠਾ ਸੌਂਹੇ ਅੰਨ ਪਾਣੀ ਧੰਨੇ ਛਕਾਇਆ ॥

ਕਦੇ ਕਿਆਰੇ ਮੋੜੇ ਹਰਿ ਜੀ ਭਗਤਾਂ ਦਾ ਹਲਟ ਹਕਾਇਆ ।
ਡੰਡਾ ਫੜ ਕੇ ਗਊਆਂ ਚਾਰੇ ਇਉਂ ਪ੍ਰੇਮ ਦਾ ਜਾਦੂ ਪਾਇਆ ॥
ਦੂਰ ਨਾ ਕਿਧਰੇ ਹਰਿ ਜੀ ਰਹਿੰਦੇ ਵਿਚ ਹਿਰਦੇ ਹਰ ਵਸਦੇ ।
ਅੰਦਰੋਂ ਹੀ ਆ ਪਰਗਟ ਹੁੰਦੇ ਗੁਰੂ ਬਾਣੀ ਅੰਦਰ ਦਸਦੇ ॥

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਦਸਮ ਪਿਤਾ ਫੁਰਮਾਇਆ ।
ਭਗਤਾਂ ਤੋਂ ਬਲਿਹਾਰੇ ਸੀ ਲਛਮਣ ਸਿੰਘ ਸੀਸ ਨਿਵਾਇਆ ॥

O O

# ਬੇਲੇ ਦੇ ਦਿਲ ਵਿਚ ਝੰਡਾ ਚੜ੍ਹਾਉਣ ਦੀ ਸ਼ਰਧਾ ਜਾਗਣੀ

ਬੇਲੇ ਦੇ ਮਨ ਸ਼ਰਧਾ ਜਾਗੀ ਡੇਰੇ ਵਿਚ ਝੰਡਾ ਚੜ੍ਹਾਈਏ ਜੀ ।
ਉੱਚਾ ਲੰਮਾ ਪੱਕਾ ਸੋਹਣਾ ਪੋਰਾ ਕਿਤੋਂ ਲੈ ਆਈਏ ਜੀ ॥
ਸ਼ਾਮ ਚੁਰਾਸੀ ਇਕ ਸਫੈਦਾ ਲੰਬਾ ਸਿੱਧਾ ਬਹੁਤ ਬੜਾ ।
ਬੀਹ ਪਈਏ ਦੇ ਕੇ ਬੇਲੇ ਸਫੈਦਾ ਸੀ ਝੱਟ ਖਰੀਦ ਲਿਆ ॥

ਸਫੈਦਾ ਵੱਢ ਗੱਡੇ ਤੇ ਲੱਦ ਕੇ ਡੇਰੇ ਦੇ ਵਿਚ ਲਿਆ ਪੁਚਾ ।
ਸੰਤਾਂ ਪਾਸ ਜਾ ਬੇਨਤੀ ਕੀਤੀ ਹੱਥ ਜੋੜ ਗਲ ਪੱਲਾ ਪਾ ॥
ਝੰਡਾ ਡੇਰੇ ਚੜ੍ਹਾਵਣ ਦੀ ਦਿਲ ਮੇਰੇ ਵਿੱਚ ਹੈ ਸ਼ਰਧਾ ।
ਆਗਿਆ ਦੇਵੋ ਬਾਬਾ ਜੀ ਝੰਡਾ ਡੇਰੇ ਦਈਏ ਚੜ੍ਹਾ ॥
ਜਿੱਥੇ ਹੈ ਅਸਥਾਨ ਬਣੌਣਾ, ਮੁੱਖੋਂ ਬਚਨ ਦਿਉ ਫਰਮਾ ।
ਝੰਡਾ ਝੂਲੇ ਆਪਣੇ ਡੇਰੇ ਪੂਰਾ ਹੋਵੇ ਸਾਡਾ ਚਾ ॥

O O

## ਬਾਬਾ ਜੀ ਨੇ ਬੇਲੇ ਨੂੰ ਝੰਡਾ ਛੜ੍ਹੌਣ ਤੋਂ ਕੁਝ ਸਮਾਂ ਅਟਕ ਜਾਣ ਨੂੰ ਕਹਿਣਾ ਅਤੈ ਬੇਲੇ ਨੇ ਨਿਰਾਸ਼ ਤੈ ਉਦਾਸ ਹੋਣਾ

ਬਾਬੇ ਆਖਿਆ ਅਜੇ ਨਹੀਂ ਠੀਕ ਵੇਲਾ, ਵੇਲਾ ਆਊ ਤਾਂ ਲਿਓ ਚੜ੍ਹਾ ਝੰਡਾ।
ਹੁਣੇ ਚਾੜ੍ਹੋ ਤਾਂ ਪਊ ਸ਼ੀਰ ਛੱਡਣਾ, ਪਿੱਛੋਂ ਲਿਓ ਫਿਰ ਤੁਸੀਂ ਚੜ੍ਹਾ ਝੰਡਾ ॥
ਬਚਨ ਸੁਣ ਇਹ ਬੇਲਾ ਨਿਰਾਸ਼ ਹੋਇਆ, ਝੰਡਾ ਚਾੜ੍ਹਨੋਂ ਸੰਤਾਂ ਨੇ ਮਨ੍ਹਾਂ ਕੀਤਾ।
ਪਰ ਉਰੇ ਓਹ ਕੱਲਾ ਹੀ ਰਹੇ ਬੈਠਾ, ਸਭ ਕਿਸੇ ਨਾਲ ਬੋਲਣਾ ਬੰਦ ਕੀਤਾ।
ਖਾਣਾ ਪੀਣਾ ਵੀ ਸਭ ਵਿਸਾਰ ਦਿੱਤਾ, ਰੋ ਰੋ ਆਪਣਾ ਸੀ ਬੁਰਾ ਹਾਲ ਕੀਤਾ।
ਦੋ ਦਿਨ ਹੋਏ ਚੇਲੇ ਸੰਤਾਂ ਤਾਈਂ ਕਹਿੰਦੇ, ਹਾਲ ਬੇਲੇ ਨੇ ਆਪਣਾ ਬੁਰਾ ਕੀਤਾ।
ਝੰਡਾ ਚਾੜ੍ਹਨੋਂ ਜਦੋਂ ਦਾ ਮਨਾ ਕੀਤਾ, ਉਹਨੇ ਕੁਝ ਨਹੀਂ ਬਚਨ ਬਲਾਸ ਕੀਤਾ।
ਅੱਖਾਂ ਸੱਜਲ ਹਰਦਮ ਉਦਾਸ ਰਹਿੰਦਾ, ਨਾਹੀਂ ਰੋਟੀ ਖਾਦੀ ਨਾ ਹੀ ਪਾਣੀ ਪੀਤਾ ॥

○ ○

## ਸੰਤਾਂ ਨੇ ਬੇਲੇ ਨੂੰ ਕੋਲ ਬੁਲਾ ਕੇ ਪੁਛਣਾ

ਸੰਤਾਂ ਪੁੱਛਿਆ ਬੇਲਿਆ ਦੱਸ ਸਾਨੂੰ, ਕਿਹੜੀ ਗੱਲ ਦਾ ਤੈਨੂੰ ਅਰਮਾਨ ਹੋਇਆ।
ਕਿਧਰੇ ਘਰ ਦੀ ਯਾਦ ਤਾਂ ਨਹੀਂ ਆ ਗਈ, ਜਿਸ ਕਾਰਨੇ ਦਿਲ ਗਲਤਾਨ ਹੋਇਆ ॥
ਲੋੜ ਮਾਇਆ ਦੀ ਹੈ ਤਾਂ ਦੱਸ ਛੇਤੀ, ਕਿਹੜੀ ਗੱਲੋਂ ਏਨਾ ਪ੍ਰੇਸ਼ਾਨ ਹੋਇਆ।
ਦੁੱਖ ਦਿੱਲ ਦਾ ਖੋਲਕੇ ਦਸ ਦੇ ਤੂੰ, ਸਭ ਦਾ ਤੇਰੇ ਹੀ ਵਲ ਧਿਆਨ ਹੋਇਆ ॥
ਏਥੇ ਆਕੇ ਵੀ ਜੇ ਨਿਰਾਸ ਰਹਿਓ, ਪੂਰਾ ਦਿਲ ਦਾ ਨਾ ਅਰਮਾਨ ਹੋਇਆ।
ਲਛਮਣ ਸਿੰਘ ਜੇ ਚਾਉ ਨਾ ਹੋਏ ਪੂਰੇ, ਦਿੱਤਾ ਕਾਹਦਾ ਤੈਨੂੰ ਨਾਮ ਦਾਨ ਹੋਇਆ ॥

○ ○

## ਜਵਾਬ ਬੇਲਾ

ਬੇਲਾ ਆਖਦਾ ਬਾਬਾ ਜੀ ਬਖਸ਼ ਦੇਵੋ, ਜੋ ਮੈਂ ਆਖਿਆ ਝੰਡਾ ਚੜ੍ਹਾਵਣੇ ਨੂੰ।
ਦੇ ਕੇ ਆਖਿਆਂ ਝੰਡੇ ਦੀ ਨਾਲ ਤੁਸਾਂ, ਬਚਨ ਕੀਤਾ ਜੋ ਸ਼ੀਰ ਵਿਆਗਣੇ ਨੂੰ ॥
ਮੇਰੀ ਬੇਨਤੀ ਮੰਨੇ ਜਾਣ ਕਾਰਨ, ਛੱਡਣਾ ਤੁਹਾਨੂੰ ਜੇ ਹੈ ਸ਼ੀਰ ਪੈਣਾ।
ਗੁਰੂ ਘਾਤੀ ਬਣ ਜਾਊ ਮੈਂ ਹਤਿਆਰਾ, ਇਹ ਅਪ੍ਰਾਧ ਨਾ ਕਦੀ ਮਿਰੇ ਸਰੋਂ ਲਹਿਣਾ।
ਘਰਬਾਰ ਛਡ ਤੁਸਾਂ ਦੀ ਸ਼ਰਨ ਆਕੇ, ਐਡਾ ਪਾਪ ਕਰਾਂ ਕਿਉਂ ਹੋ ਅੱਗੇ।
ਜੇਕਰ ਝੰਡਾ ਸਰੀਰ ਹੀ ਮੰਗਦਾ ਹੈ, ਲੇਖੇ ਮੇਰਾ ਹੀ ਇਹ ਸਰੀਰ ਲਗੇ ॥

○ ○

## ਬਾਬੇ ਜਵਾਹਰ ਦਾਸ ਜੀ ਦਾ ਬਚਨ

ਤੇਰੇ ਸਿਦਕ ਪ੍ਰੇਮ ਦੀ ਹਦ ਹੋ ਗਈ, ਵੇਦਨ ਤੇਰੀ ਨਾ ਸਾਥੋਂ ਹੋਰ ਜਰੀ ਜਾਂਦੀ ।
ਪ੍ਰੇਮ ਕੁਠੜੇ ਦੀ ਤੇਰੀ ਦਸ਼ਾ ਭਾਈ, ਬਿਹਬਲ ਮਨ ਅਸਾੜੜਾ ਕਰੀਂ ਜਾਂਦੀ ॥
ਬਾਕੀ ਰਹਿੰਦੀ ਸੀ ਉਮਰ ਤਿੰਨ ਸਾਲ ਸਾਡੀ ਇਸ ਪਿੱਛੋਂ ਫਿਰ ਲੈਂਦੇ ਚੜ੍ਹਾ ਝੰਡਾ ।
ਪਰ ਤੇਰੇ ਪ੍ਰੇਮ ਅੱਗੇ ਨਾ ਕੋਈ ਵਾਹ ਚਲੇ, ਲਓ ਹੁਣੇ ਬੇਸ਼ਕ ਚੜ੍ਹਾ ਝੰਡਾ ॥
ਬਚਨ ਸੀ ਜੋ ਦੇਹ ਤਿਆਗਣੇ ਦਾ, ਤਿੰਨ ਸਾਲ ਤੈਂ ਲਿਆ ਅਟਕਾ ਸਾਨੂੰ ।
ਤਿੰਨ ਸਾਲ ਹੁਣ ਰਹਾਂਗੇ ਪਾਸ ਤੇਰੇ, ਪੈਂਖੜ-ਪ੍ਰੇਮ ਦਾ ਤੈਂ ਪਾ ਲਿਆ ਸਾਨੂੰ ॥
ਚਿਤ ਸਾਡਾ ਹੈ ਅਤੀ ਪ੍ਰਸੰਨ ਹੋਇਆ, ਏਡਾ ਵੇਖ ਕੇ ਪ੍ਰੇਮ ਪਿਆਰ ਤੇਰਾ ।
ਲਛਮਣ ਸਿੰਘਾ ਪ੍ਰਭੂ ਦੀ ਮਿਹਰ ਹੋਸੀ, ਜੱਸ ਰਹੂਗਾ ਵਿਚ ਸੰਸਾਰ ਤੇਰਾ ।
ਤਿੰਨ ਸਾਲ ਹੋਰ ਡੇਰੇ ਵਿਚ ਰਹਿਣ ਵਾਲਾ, ਬਾਬੇ ਹੋਰਾਂ ਸੀ ਫੁਰਮਾਨ ਕੀਤਾ ॥
ਤਿੰਨ ਵਰ੍ਹਿਆਂ ਦਾ ਸਮਾਂ ਬਤੀਤ ਕਰਕੇ, ਸੱਚ ਖੰਡ ਨੂੰ ਫਿਰ ਪਿਆਨ ਕੀਤਾ ॥

○ ○

## ਸੰਤ ਮਿਤ ਸਿੰਘ ਕਿਸ਼ਨਪੁਰ ਵਾਲੇ ਬਾਬਾ ਜਵਾਹਰ ਦਾਸ ਜੀ ਪਾਸ ਬਚਨ ਬਲਾਸ ਅਤੇ ਪਰਖ ਕਰਨ ਔਣਾ

ਕਿਸ਼ਨਪੁਰੇ ਵਿਚ ਵਿਦਵਾਨ ਇਕ ਮਿੱਤ ਸਿੰਘ ਸੀ ਰਹਿੰਦਾ ।
'ਬਾਣੀ ਦਾ ਅਭਿਆਸੀ' ਹਾਂ ਇਹ ਮਾਣ ਸੀ ਦਿਲ ਵਿਚ ਰਹਿੰਦਾ ॥
ਬਾਣੀ ਬਹੁਤ ਸੀ ਪੜ੍ਹਦਾ ਰਹਿੰਦਾ ਬਾਣੀ ਸੀ ਉਹ ਗਾਉਂਦਾ ॥
ਆਏ ਗਏ ਨੂੰ ਸ਼ਾਮ ਸਵੇਰੇ ਬਾਣੀ ਕਥਾ ਸੁਣਾਉਂਦਾ ॥
ਪਤਾ ਲੱਗਿਆ ਮਿੱਤ ਸਿੰਘ ਤਾਈਂ, ਇਕ ਸੰਤ ਸੂਸਾਂ ਵਿਚ ਰਹਿੰਦੇ ।
ਕਟਨੀ ਦੇ ਉਹ ਪੂਰੇ ਹਰ ਦਮ, ਨਾਮ ਹਰੀ ਦਾ ਲੈਂਦੇ ।
ਦਿਲ ਕੀਤਾ ਕਿ ਬਾਬਾ ਜੀ ਦਾ, ਚੱਲ ਕੇ ਦਰਸ਼ਨ ਕਰੀਏ ।
ਸਰਦੀ ਬਣਦੀ ਤਿਲ ਫੁੱਲ ਭੇਟਾ, ਜਾ ਕੇ ਚਰਨੀ ਧਰੀਏ ॥
ਗੁਰੂ ਗ੍ਰੰਥ ਦੀ ਬਾਣੀ ਵਿਚੋਂ, ਸ਼ਬਦ ਬੋਲ ਇਕ ਕਹੀਏ ।
ਜੇਕਰ ਅਰਥ ਸੁਣਾਵਣ ਪੂਰੇ ਤਾਂ ਚਰਨਾਂ ਤੇ ਢਹੀਏ ।
ਚਰਨ ਧੂੜ ਲੈ ਮਸਤਕ ਲਾਈਏ, ਸੰਤ ਰੇਣ ਹੋਏ ਰਹੀਏ ।
ਬਚਨ ਬਲਾਸ ਕਰ ਬਾਣੀ ਵਿਚੋਂ, ਹਾਥ ਸੰਤਾਂ ਦੀ ਲਈਏ ॥
ਨਾਲ ਹੋਰ ਇਕ ਸੰਤ ਲੈ ਲਏ, ਸਾਥ ਤੇਰੇ ਤਾਈਂ ਕਰਨੇ ਨੂੰ ।
ਗ੍ਰੰਥ ਵੀ ਸੀ ਇਕ ਕੋਲ ਲੈ ਆਏ, ਬਾਣੀ ਚਰਚਾ ਕਰਨੇ ਨੂੰ ॥
ਚਲਦੇ ਚਲਦੇ ਸੂਸੀਂ ਆ ਗਏ, ਪਹੁੰਚੇ ਸੀ ਵਿਚ ਡੇਰੇ ।
ਮੱਥਾ ਟੇਕ ਕੇ ਬਹਿ ਗਏ ਦੋਵੇਂ, ਹੁ ਸੰਤਾਂ ਦੇ ਨੇੜੇ ॥

○○ ○○ ○○

## ਸੰਤਾਂ ਨਾਲ ਭਾਈ ਮਿਤ ਸਿੰਘ ਦੇ ਬਚਨ ਬਲਾਸ

ਸੰਤ ਮਿੱਤ ਸਿੰਘ :—ਕਰੋ ਕਿਰਪਾ ਮਹਾਰਾਜ ਜੀ ਅਸਾਂ ਉੱਤੇ, ਭਰਮ ਦਿਲਾਂ ਦੇ ਦਿਓ ਮਿਟਾ ਸਾਡੇ।
ਦੇ ਕੇ ਗਿਆਨ ਕੋਈ ਇਸ ਗ੍ਰੰਥ ਵਿਚੋਂ, ਹਨੇਰੇ ਅਗਿਆਨ ਦੇ ਦਿਓ ਮਿਟਾ ਸਾਡੇ ॥
ਵਿਆਖਿਆ ਬਾਣੀ ਦੀ ਕਰ ਸਮਝਾਓ ਸਾਨੂੰ, ਦੀਵਾ ਗਿਆਨ ਦਾ ਐਸਾ ਜਗਾ ਦੇਵੋ।
ਸੋਝੀ ਬਾਣੀ ਦੀ ਪੂਰੀ ਕਰਾ ਦੇਵੋ, ਸੁਰਤੀ ਹਰੀ ਚਰਨਾਂ ਨਾਲ ਲਾ ਦੇਵੋ ॥

ਬਾਬਾ ਜਵਾਹਰ ਦਾਸ :—ਮੈਂ ਤਾਂ ਹਾਂ ਅਣਪੜ ਹੀ ਜੱਟ ਭਾਈ, ਗੱਲ ਕਿਸੇ ਤੋਂ ਕਦੀ ਲਕੋਈ ਕੋਈ ਨਾ।
ਗ੍ਰੰਥ ਪੜ੍ਹਨ ਦੀ ਮੈਨੂੰ ਕੀ ਸਾਰ ਭਾਈ ਸਕੂਲੀ ਵਿਦਿਆ ਮੈਂ ਪੜੀ ਪੜ੍ਹਾਈ ਕੋਈ ਨਾ ॥
ਧੰਨ ਭਾਗ ਮੇਰੇ ਤੁਸੀਂ ਕਰਮ ਕੀਤਾ ਬਰਮਨ ਮੈਨੂੰ ਕੋਈ ਤੁਸੀਂ ਸੁਣਾਉ ਸੰਤੋ।
ਤੁਸੀਂ ਪੜ੍ਹੇ ਲਿਖੇ ਵਿਦਵਾਨ ਦਿਸਦੇ ਗ੍ਰੰਥ ਪ੍ਰੇਮ ਨਾਲ ਪੜ੍ਹ ਸਮਝਾਓ ਸੰਤੋ ॥
ਅਨੰਦ ਬਾਣੀ ਦਾ ਤੁਸੀਂ ਨਿਤ ਮਾਣਦੇ ਹੋ ਬਾਣੀ ਮੈਨੂੰ ਵੀ ਪੜ੍ਹ ਸੁਣਾਓ ਸੰਤੋ।
ਅਨੰਦ ਬਾਣੀ ਦਾ ਮਾਣੀਏ ਅਜ ਰਲਕੇ ਭਲਾ ਤੁਸੀਂ ਇਹ ਕਰਮ ਕਮਾਓ ਸੰਤੋ ॥

○ ○

## ਸੰਤ ਮਿੱਤ ਸਿੰਘ ਨੇ ਪੜ੍ਹਕੇ ਬਣੌਣ ਲਈ ਗ੍ਰੰਥ ਖੋਲਣਾ ਤੇ ਵਰਕੇ ਖਾਲੀ ਕੋਰੇ ਨਜ਼ਰ ਆਉਣੇ

ਗ੍ਰੰਥ ਖੋਲਿਆਂ ਜਾਂ ਬਾਣੀ ਸੁਨਾਵਣੇ ਨੂੰ, ਰਹੀ ਦੋਹਾਂ ਦੀ ਹੈਰਾਨੀ ਦੀ ਹਦ ਕੋਈ ਨਾ।
ਪੱਤਰੇ ਦਿਸਣ ਗ੍ਰੰਥ ਦੇ ਕੋਰੇ ਖਾਲੀ ਨਜਰ ਆਂਵਦੇ ਅਖਰ ਤੇ ਸ਼ਬਦ ਕੋਈ ਨਾ ॥
ਮਿੱਤ ਸਿੰਘ ਦੇ ਨਾਲ ਜੋ ਆਇਆ ਸੀ ਕੌਤਕ ਦੇਖੇ ਇਹ ਬਹੁਤ ਹੈਰਾਨ ਹੋਇਆ।
ਗਿਆ ਜੋਸ਼ ਤੇ ਰਹੀ ਨਾ ਹੋਸ਼ ਕੋਈ ਦੂਰ ਦਿਲ ਦਾ ਸਭ ਗੁਮਾਨ ਹੋਇਆ ॥
ਘਟਨਾ ਇਹ ਕਿਹੋ ਜਿਹੀ ਵਾਪਰੀ ਹੈ, ਦਿਲ ਡਰੇ ਤੇ ਬਹੁਤ ਘਬਰਾ ਗਿਆ ਓਹ।
ਪਿੰਡ ਮੁੜਨ ਨੂੰ ਦਿਲ ਸੀ ਪਿਆ ਕਾਹਲਾ, ਮੱਥਾ ਟੇਕ ਸੀ ਡੇਰਿਓ ਆਗਿਆ ਓਹ ॥
ਮਿਲਿਆ ਰਸਤੇ ਵਿਚ ਆਉਂਦਾ ਇਕ ਸਿਖ ਉਸਨੂੰ, ਲਾਉਣ ਉਹ ਵੀ ਕੁਝ ਅਨੁਮਾਨ ਲਗਾ।
ਚਿਹਰਾ ਉਡਿਆ ਦੇਖ ਘਬਰਾਹਟ ਉਸਦੀ ਕਾਰਨ ਉਸਨੂੰ ਪੁੱਛਣ ਪਾਛਣ ਲਗਾ ॥
ਕਹਿੰਦਾ ਗਏ ਸੀ ਸੰਤਾਂ ਦੀ ਪਰਖ ਕਰਨੇ, ਪਰਖ ਆਪਣੀ ਅਸੀਂ ਕਰਾ ਆਏ।
ਜਿਹੜਾ ਮਾਣ ਸੀ ਸਾਨੂੰ ਬੜੀ ਵਿਦਿਆ ਦਾ ਅੱਨ ਜੜੋਂ ਹੀ ਸਭ ਗਵਾ ਆਏ ॥
ਗ੍ਰੰਥ ਖੋਲਿਆ ਅਸੀਂ ਜਦ ਪੜ੍ਹਨ ਲੱਗੇ, ਲਿਖਿਆ ਕੁਝ ਨਜਰ ਨਾ ਆਇਆ ਸੀ।
ਪਤਰੇ ਸਾਫ ਕੋਰੇ ਅਤੇ ਖਾਲੀ ਦਿੱਸਣ ਐਸਾ ਖੇਲ ਅਜੀਬ ਵਰਤਾਇਆ ਸੀ ॥
ਡਰਦਾ ਮਾਰਿਆ ਉਠਕੇ ਆ ਗਿਆ ਮੈਂ, ਹੋਏ ਗੁੰਮ ਜਦ ਹੋਸ਼ ਹਵਾਸ ਮੇਰੇ।
ਸੰਤ ਜਾਨਣ ਤੇ ਜਾਂ ਮਿੱਤ ਸਿੰਘ ਜਾਣੇ, ਜਿਹੜਾ ਬੈਠਾ ਹੈ ਅਜੇ ਵੀ ਵਿਚ ਡੇਰੇ ॥

○ ○ ○

## ਮਿੱਤ ਸਿੰਘ ਦਾ ਹਾਲ

ਮਿੱਤ ਸਿੰਘ ਦਾ ਏਦਾਂ ਦਾ ਹਾਲ ਬਣਿਆ, ਫਸਿਆ ਹੋਏ ਪੰਛੀ ਜਿੱਦਾਂ ਜਾਲ ਦੇ ਵਿਚ।
ਰਹੀ ਸੁੱਧ ਤੇ ਬੁੱਧ ਨਾ ਹੋਸ਼ ਕੋਈ, ਫ਼ਸ ਗਿਆ ਉਹ ਮਸਤਾਂ ਦੀ ਡਾਰ ਦੇ ਵਿਚ॥
ਸ਼ੇਰੇ ਚੇਲੇ ਨੂੰ ਸੰਤਾਂ ਨੇ ਵਾਜ ਮਾਰੀ, ਸੰਤ ਬੈਠਾ ਇਕ ਨਸ਼ੇ ਦੀ ਹਾਰ ਦੇ ਵਿਚ।
ਮਿੱਤ ਸਿੰਘ ਨੂੰ ਪੈਸੇ ਦੇ ਦਿਓ, ਭੇਜੋ, ਸ਼ਾਮਚੁਰਾਸੀ ਦੇ ਕਿਸੇ ਬਜਾਰ ਦੇ ਵਿਚ॥
ਲਿਆਵੇ ਅਮਲ ਖਰੀਦ ਕੇ ਸ਼ਿਆਮ ਵਿਚੋਂ, ਜਿਸ ਨਾਲ ਇਹ ਸਾਧੂ ਸਾਵਧਾਨ ਹੋਵੇ।
ਥੁੜ ਅਮਲ ਦੀ ਇਸ ਦੀ ਕਰੋ ਪੂਰੀ, ਪੂਰਾ ਇਸ ਦਾ ਜੋ ਅਮਲ ਪਾਨ ਹੋਵੇ॥
ਸ਼ਿਆਮ ਪਹੁੰਚਿਆ ਅਮਲ ਖ੍ਰੀਦ ਲੀਤਾ, ਉਹ ਕਰਦਾ ਹੈ ਕਿਸ਼ਨਪੁਰ ਜਾਣ ਵਾਲਾ।
ਰਸਤਾ ਲਭੇ ਨ ਕਿਸ਼ਨਪੁਰ ਜਾਣ ਵਾਲਾ, ਨਾ ਕੋਈ ਟਕਰੇ ਰਾਹ ਸਮਝਾਣ ਵਾਲਾ।
ਰਾਹ ਲੱਭਦਾ ਰਿਹਾ ਰਾਹ ਲੱਭਿਆ ਨਾਂ, ਰਾਹ ਲੱਭੇ ਇਕ ਡੇਰੇ ਨੂੰ ਜਾਨ ਵਾਲਾ।
ਤੁਰਿਆ ਡੇਰੇ ਨੂੰ ਫੈਸਲਾ ਕਰ ਲੀਤਾ, ਰਾਤ ਡੇਰੇ ਹੀ ਚੱਲ ਬਤੋਣ ਵਾਲਾ॥
ਜਦੋਂ ਪਹੁੰਚਿਆ ਮਿੱਤ ਸਿੰਘ ਜਾ ਡੇਰੇ, ਅੱਗੇ ਮਿਲਿਆ ਨਾ ਰਾਤ ਕਟੌਣ ਵਾਲਾ।
ਕਟੀ ਰਾਤ ਬੇਰਾਮੀ ਵਿਚ ਲਛਮਣ ਸਿੰਘਾ, ਸੁਬਹ ਮਿਲਿਆ ਸੀ ਖੇਡ ਵਰਤੋਣ ਵਾਲਾ॥

ੋ ੋ

## ਬਾਬੇ ਜਵਾਹਰ ਦਾਸ ਦਾ ਅੱਗੇ ਜਾਕੇ ਮਿੱਤ ਸਿੰਘ ਨੂੰ ਪੁਛਣਾ

ਭਗਤਾ ਕੌਣ ਹੈਂ ਕਿਹੜਾ ਹੈ ਨਗਰ ਤੇਰਾ, ਹੋਰ ਦਸ ਭਗਤਾ ਕੀ ਹੈ ਨਾਮ ਤੇਰਾ।
ਭਾਵੇਂ ਪਿੰਡ ਕੋਈ ਕਿਥੇ ਜਾਵਣਾ ਹੈ, ਜਾਂ ਤੂੰ ਪੁੱਛਦਾ ਭਾਲਦਾ ਫਿਰੇ ਡੇਰਾ॥
ਮਿੱਤ ਸਿੰਘ—ਮਿੱਤ ਸਿੰਘ ਹੈ ਬਾਬਾ ਜੀ ਨਾਉਂ ਮੇਰਾ ਪਿੰਡ ਕਿਸ਼ਨਪੁਰ ਵਿਚ ਮੇਰਾ ਹੈ ਡੇਰਾ।
ਰਾਸਤਾ ਭਾਲਦਾ ਪਿੰਡ ਨੂੰ ਜਾਣ ਵਾਲਾ, ਭੁੱਲ ਬੈਠਾ ਸਭ ਕੁਝ ਦਿਮਾਗ ਮੇਰਾ॥

ੋ ੋ ੋ

## ਸੰਤ ਜਵਾਹਰ ਦਾਸ ਨੇ ਸ਼ੇਰੇ ਨੂੰ ਅਵਾਜ ਦੇਕੇ ਬਲੌਣਾ ਅਤੇ ਮਿੱਤ ਸਿੰਘ ਨੂੰ ਦੁਧ ਪਲਾਉਣ ਲਈ ਕਹਿਣਾ

ਸ਼ੇਰੇ ਚੇਲੇ ਨੂੰ ਸੱਦਕੇ ਸੰਤ ਕਹਿੰਦੇ, ਥੱਕੇ ਟੁੱਟੇ ਹਨ ਰਾਤ ਦੇ ਸੰਤ ਏਹੋ।
ਦੁੱਧ ਇਹਨਾਂ ਨੂੰ ਤੁਸੀਂ ਛਕਾਓ ਬੇਟਾ, ਜਦੋਂ ਚਾਹੁਣ ਫਿਰ ਚਲੇ ਜਾਣ ਸੰਤ ਏਹੋ॥

ੋ ੋ ੋ

## ਸੰਤ ਮਿੱਤ ਸਿੰਘ ਦੀ ਦੁੱਧ ਪੀਂਦਿਆਂ ਹੀ ਸੁਰਤੀ ਚਤੰਨ ਹੋ ਜਾਣੀ ਤੈ ਦ੍ਰਿਸ਼ਟੀ ਬਦਲ ਜਾਣੀ

ਦੁੱਧ ਮਿੱਤ ਸਿੰਘ ਹੋਰਾਂ ਜਦ ਛਕਿਆ ਸੀ, ਛਕਦੇ ਸਾਰ ਹੀ ਸੁਰਤੀ ਚਤੰਨ ਹੋ ਗਈ।
ਬਾਬਾ ਜੀ ਨੂੰ ਝਟ ਪਛਾਣ ਲੀਤਾ, ਸ਼ਰਧਾ ਪੂਰੀ ਸੀ ਉਹਨਾਂ ਦੇ ਮਨ ਹੋ ਗਈ।
ਜਦੋਂ ਵੇਖਿਆ ਇਹ ਹੈ ਓਹੋ ਬਾਬਾ, ਪੈਸੇ ਦਿਤੇ ਜਿਸ ਫੀਮ ਲਿਆਉਣ ਬਦਲੇ।
ਅਮਲ ਦੇਣਾ ਸੀ ਲੋੜਵੰਦ ਸਾਧੂ ਤਾਈ, ਨਾਲੇ ਕਿਹਾ ਸੀ ਛੇਤੀ ਮੁੜ ਆਉਣ ਬਦਲੇ ॥
ਚਰਨ ਪਕੜ ਲਏ ਭੁੱਲ ਭਖਸ਼ਾਵਣੇ ਨੂੰ, ਕਹਿੰਦਾ ਬਖਸ਼ੋ ਮੇਰੇ ਹੰਕਾਰੀ ਤਾਈਂ।
ਨਾਮਦਾਨ ਦੇਕੇ ਬਖਸ਼ੋ ਦਿਬ ਦ੍ਰਿਸ਼ਟੀ, ਕੱਢੋ ਈਰਖਾ ਵਾਲੀ ਬਿਮਾਰੀ ਤਾਈਂ ॥
ਹੋਇਆ ਬਾਬਾ ਜੀ ਮੈਂ ਮੁਰੀਦ ਅੱਜ ਤੋਂ, ਲੜ ਲਾ ਲਓ ਇਸ ਗੁਨਹਗਾਰ ਤਾਈਂ।
ਸਭ ਆਸਰੇ ਛਡ ਤੇਰਾ ਲੜ ਫੜਿਆ, ਦਇਆਲੂ ਬਣ ਕਰੋ ਭਵਜਲੋਂ ਪਾਰ ਸਾਈਂ ॥

○ ○

## ਬਾਬਾ ਜਵਾਹਰ ਦਾਸ ਨੇ ਮਿੱਤ ਸਿੰਘ ਨੂੰ ਉਪਦੇਸ਼ ਦੇਣਾ

ਮੁਰੀਦ ਬਨਣਾ ਹੈ ਪਿਆਰਿਓ ਖੜਾ ਔਖਾ, ਮਨ ਮਾਰਨਾ ਤਨ ਨੂੰ ਵੱਸ ਕਰਨਾ।
ਲਿਵ ਨਾਲ ਭਗਵਾਨ ਦੇ ਤਾਂ ਜੁੜਦੀ, ਸਭ ਵਾਸ਼ਨਾ ਨੂੰ ਪੈਂਦਾ ਵੱਸ ਕਰਨਾ ॥
ਆਈ ਸੰਗਤ ਦੇ ਨਾਲ ਪਿਆਰ ਕਰਨਾ, ਸਦਾ ਉਸ ਨਿਰੰਕਾਰ ਦਾ ਜੱਸ ਕਰਨਾ।
ਝਗੜੇ ਦੁਨੀਆਂ ਦੇ ਛਡ ਸਦਾ ਦੂਰ ਰਹਿਣਾ, ਨਹੀਂ ਕਿਸੇ ਦਾ ਕਦੀ ਅਪਜੱਸ ਕਰਨਾ।
ਦਿਨੇ ਸੇਵਾ ਤੇ ਰਾਤੀਂ ਹੈ ਨਾਮ ਜਪਣਾ, ਨਾਮ ਜਪਣ ਦਾ ਨਹੀਂ ਗਰੂਰ ਕਰਨਾ।
ਦਿਲ ਦਇਆ ਤੇ ਸ਼ਾਂਤੀ ਧਾਰ ਰਖਣੀ, ਚੁਗਲੀ ਨਿੰਦਿਆ ਤੋਂ ਮਨ ਦੂਰ ਕਰਨਾ ॥
ਭਗਤੀ ਤਦੋ ਦਰਗਾਹੇ ਮੰਜੂਰ ਹੋਣੀ, ਜਦੋਂ ਅੱਖੀਏਂ ਰੱਬ ਦਾ ਨੂਰ ਭਰਨਾ।
ਜਦੋਂ ਸਭ ਵਿਚ ਰੱਬ ਦਾ ਨੂਰ ਦਿੱਸੇ, ਤਦੋਂ ਰੱਬ ਨੇ ਬੰਦੇ ਨਾਲ ਪਿਆਰ ਕਰਨਾ ॥
ਕੱਟੇ ਜਾਣ ਚੁਰਾਸੀ ਦੇ ਫੰਦ ਸਾਰੇ, ਜਦੋਂ ਦੋਹਾਂ ਦੇ ਨੂਰ ਨੇ ਇਕ ਹੋਣਾ।
ਲਛਮਣ ਸਿੰਘ ਸਰੀਰ ਭਾਵੇਂ ਵਿਨਸ ਜਾਵੇ, ਜਿੰਦਾ ਨਾਮ ਫਿਰ ਵੀ ਜੱਗ ਵਿਚ ਹੋਣਾ ॥

○ ○

## ਜਵਾਬ ਮਿੱਤ ਸਿੰਘ

ਦਿੱਤਾ ਜੋ ਉਪਦੇਸ਼ ਮਨਜ਼ੂਰ ਮੈਨੂੰ, ਜਿਵੇਂ ਦੱਸਿਆ ਕਰੂੰ ਹਮੇਸ਼ ਓਦਾਂ।
ਚੇਲਾ ਬਣ ਕੇ ਨਾਂਹ ਦਾ ਕੰਮ ਕੀਏ, ਜਿਦਾਂ ਤੋਰੋਗੇ ਤੁਰਾਂ ਗਾ ਸਦਾ ਓਦਾਂ ॥
ਮਿਲਿਆ ਨਹੀਂ ਓਹੀ ਅਜ ਤਕ ਕੋਈ ਰਹਿਬਰ, ਤਾਹੀਓ ਮਨ ਨੂੰ ਨਹੀਂ ਸੀ ਸ਼ਾਂਤ ਆਈ।
ਮਨ ਟਿਕ ਗਿਆ ਵਾਂਗ ਅਡੋਲ ਪਰਬਤ, ਸੱਚੇ ਨਾਮ ਦੀ ਜਦੋਂ ਹੈ ਦਾਤ ਪਾਈ ॥
ਛੱਡ ਖੁਦੀ ਹੰਕਾਰ ਤਕੱਬਰੀ ਨੂੰ, ਹਰ ਪ੍ਰਾਣੀ ਦੇ ਨਾਲ ਪਿਆਰ ਕਰਸਾਂ।
ਹਹੂੰ ਹਰੀ ਸਿਮਰਨ ਦੇ ਵਿਚ ਜੁੜਿਆ, ਨਾਲੇ ਹਾਜ਼ਰੀ ਤੁਸਾਂ ਦੀ ਨਿਤ ਭਰਸਾਂ ॥
ਜੇਕਰ ਹੁਣ ਵੀ ਹਰੀ ਦਾ ਨਾਮ ਜਪਕੇ, ਮਾਨੁਖਾ ਜਨਮ ਨਾਹੀਂ ਇਹ ਸਫਲ ਕਰਸਾਂ।
ਲਛਮਣ ਸਿੰਘ ਚੁਰਾਸੀ ਦਾ ਗੇੜ ਪੈਜੂ, ਫਿਰ ਕਦੋਂ ਪ੍ਰੀਤਮ ਦੇ ਨਾਲ ਮਿਲਸਾਂ।

## ਵਾਕ ਕਵੀ

ਮਿਤ ਸਿੰਘ ਦੇ ਬਾਬਾ ਜੀ ਮਿੱਤ ਬਣ ਗਏ, ਹੋ ਦਿਆਲ ਮਿੱਤ ਸਿੰਘ ਨੂੰ ਤਾਰ ਦਿੱਤਾ ।
ਮਿੱਤ ਸਿੰਘ ਸੇਵਾਂ ਸਿਮਰਨ ਰਹੈ ਕਰਦਾ, ਨਾਮ ਜਪ ਕੇ ਜਨਮ ਸਵਾਰ ਲਿਤਾ ॥

○ ○ ○

## ਬਾਬਾ ਜੀ ਨੇ ਜਨਾਨੀਆਂ ਨੂੰ ਮੱਥਾ ਟੇਕਣੋ ਵਰਜ ਦੇਣਾ

ਇਕ ਵੇਰ ਚੈਂਚਲ ਬੁੱਧ ਨਾਰੀਆਂ ਸੀ, ਬਾਬਾ ਜੀ ਨੂੰ ਆ ਭਰਮੌਣ ਲਗੀਆਂ ।
ਮਤ ਥੋੜੀ ਸੀ ਨਾਲੇ ਮਲੀਨ ਬੁੱਧੀ, ਹੱਬੀ ਰੂਹ ਤੇ ਜਾਦੂ ਸੀ ਪੌਣ ਲਗੀਆਂ ॥
ਸੁਮੇਰ ਪਰਬਤ ਦੇ ਵਾਂਗ ਅਡੋਲ ਬਾਬਾ, ਹਰ ਇਕ ਨੂੰ ਰੱਬ ਦਾ ਨੂਰ ਸਮਝੇ ।
ਮਨ ਮੁਖ ਲੋਕ ਫਿਰਨ ਮਨ ਦੇ ਮਗਰ ਲੱਗੇ, ਇਹਨਾਂ ਨੂੰ ਆਦਤੋਂ ਹੀ ਮਜਬੂਰ ਸਮਝੇ ॥
ਬੜੇ ਪਿਆਰ ਨਾਲ ਬਾਬੇ ਕਿਹਾ ਨਾਰੀਆਂ ਨੂੰ, ਬੀਬਾ ਮਨ ਨਹੀਂ ਕਦੀ ਡੁਬਾਈ ਦਾ ਏ ॥
ਕਢ ਮੰਦੀਆਂ ਵਾਸ਼ਨਾਂ ਦਿੱਲ ਵਿਚੋਂ, ਹਿਰਦੇ ਵਿਚ ਹਰੀ ਨਾਮ ਵਸਾਈ ਦਾ ਏ ।
ਓਸ ਦਿਨ ਤੋਂ ਬਾਬੇ ਜਨਾਨੀਆਂ ਨੂੰ, ਮੱਥਾ ਟੇਕਣ ਨੂੰ ਨੇੜੇ ਨਾ ਆਣ ਦਿੱਤਾ ॥
ਜੇ ਕੋਈ ਫਾਲਤੂ ਆਕੇ ਕਰੇ ਗੱਲਾਂ, ਐਵੇਂ ਸਮਾਂ ਨਹੀਂ ਉਹਨੂੰ ਗਵਾਣ ਦਿੱਤਾ ।
ਸਮਝ ਇਸ ਸੰਸਾਰ ਨੂੰ ਸਦਾ ਝੂਠਾ, ਰੱਬ ਵਲੋਂ ਨਾ ਚਿੱਤ ਹਟਾਇਆ ਸੀ ॥
ਸੁਰਤੀ ਨਾਮ ਦੇ ਵਿਚ ਸੀ ਜੋੜੀ ਰਖਦੇ, ਤਾਹੀਓਂ ਭਗਤਾਂ ਦਾ ਮਰਤਬਾ ਪਾਇਆ ਸੀ ।

○ ○

## ਸੇਵਾ ਨੂੰ ਮੇਵਾ ਰਾਮੂ ਕਹਾਰ ਅਤੇ ਕੂੜੇ ਬੂੜੇ ਦੀ

## ਸੇਵਾ ਨੂੰ ਮੇਵਾ ਲੱਗਣਾ

ਰਾਮੂ ਨਾਮ ਸੀ ਜਾਤ ਕਹਾਰ ਉਸਦੀ, ਕਰੇ ਸੰਤਾਂ ਦੀ ਸੇਵਾ ਮਨ ਚਿਤ ਲਾਕੇ ।
ਅਲੂਣੀ ਕੜ੍ਹੀ ਤੇ ਸਾਗ ਪਹੁੰਚਾਵੇ ਡੇਰੇ, ਸੰਤ ਛਕਦੇ ਸੀ ਭੋਜਨ ਇਹੋ ਚਾਹ ਕੇ ।
ਮੀਂਹ ਨੇਰੀ ਸਰਦੀ ਭਾਵੇਂ ਧੁਪ ਹੋਵੇ, ਭੋਜਨ ਸੰਤਾਂ ਦਾ ਨਿਤ ਲੈ ਆਏ ਰਾਮੂੰ ।
ਨਿਗਾ ਮੇਹਰ ਦੀ ਸੰਤਾਂ ਦੀ ਹੋਣ ਲੱਗੀ, ਲੱਕ ਬਨ੍ਹ ਜੋ ਸੇਵਾ ਕਮਾਏ ਰਾਮੂੰ ॥
ਮੇਵਾ ਸੇਵਾ ਨੂੰ ਇਕ ਦਿਨ ਲੱਗ ਜਾਂਦਾ, ਸੰਤਾਂ ਰਾਮੂ ਨੂੰ ਸੀ ਬਰਦਾਨ ਬਖਸ਼ੇ ।
ਰਾਮੂ ਕਖਾਂ ਤੋਂ ਲੱਖਾਂ ਦਾ ਸੀ ਬਣਿਆ, ਐਸੇ ਬਾਬੇ ਨੇ ਸੀ ਸਨਮਾਨ ਬਖਸ਼ੇ ॥
ਰਾਮੂ ਆਪ ਤਰਿਆ ਤਾਰੀ ਕੁੱਲ ਆਪਣੀ, ਓਟ ਸੰਤਾਂ ਦੀ ਰੱਖੀ ਸੀ ਧਾਰ ਰਾਮੂੰ ।
ਲਛਮਣ ਸਿੰਘਾ ਜਿਸ ਜਿਸ ਨੇ ਕਰੀ ਸੇਵਾ, ਦਿੱਤੇ ਸਾਰੇ ਹੀ ਸੰਤਾਂ ਨੇ ਤਾਰ ਰਾਮੂੰ ॥
ਕੂੜਾ ਬੂੜਾ ਹੁਸ਼ਿਆਰਪੁਰ ਵਿਚ ਰਹਿੰਦੇ, ਇਨ੍ਹਾਂ ਉਤੇ ਵੀ ਬਾਬੇ ਦੀ ਮਿਹਰ ਹੋਈ ।
ਸਾਰਾ ਸ਼ਹਿਰ ਅੱਜ ਉਹਨਾਂ ਨੂੰ ਸੇਠ ਕਹਿੰਦਾ, ਐਸੀ ਘਰ ਦੇ ਵਿਚ ਲਹਿਰ ਬਹਿਰ ਹੋਈ ॥
ਦਿਨੇ ਦੂਗਣੀ ਤੇ ਰਾਤੀ ਚੌਗਣੀ ਹੀ, ਤਰੱਕੀ ਕਰੀ ਜਾਂਦੇ ਬਾਗਾਂ ਵਿਚ ਰਹਿੰਦੇ ।
ਡੇਰੇ ਬਾਬੇ ਦੇ ਹਾਜ਼ਰੀ ਰਹਿਣ ਭਰਦੇ, ਹਿੱਸਾ ਡੇਰੇ ਦੀ ਸੇਵਾ ਵਿਚ ਰਹਿਣ ਲੈਂਦੇ ॥

○ ○

## ਬਾਬਾ ਜੀ ਨੇ ਪਿੰਡ ਦੇ ਜਟ ਪ੍ਰੇਮ ਸਿੰਘ ਨੂੰ ਆਪਣਾ ਖੂਹ ਮਾਲ ਡੰਗਰ ਦੀ ਪਾਣੀ ਦੀ ਸੇਵਾ ਵਾਸਤੇ ਦੇਣ ਨੂੰ ਕਹਿਣਾ ਪ੍ਰੇਮ ਸਿੰਘ ਨੇ ਖੂਹ ਨਾ ਦੇਣਾ ਤੇ ਖੂਹ ਦਾ ਸੁਕ ਜਾਣਾ

ਪਿੰਡ ਦਾ ਪ੍ਰੇਮ ਸਿੰਘ ਜੱਟ ਜੋ ਕਹਾਂਵਦਾ, ਡੇਰੇ ਲਾਗੇ ਖੂਹ ਆਪਣਾ ਰਖਾਂਵਦਾਂ।
ਖੂਹ ਲਾਗੇ ਦੇਖ ਸਤਾ ਦਿਲ ਆਈ ਜੀ, ਜਲ ਸੇਵਾ ਲਈ ਇਹ ਖੂਹ ਖੜਾ ਸਹਾਈ ਜੀ ॥
ਖੂਹ ਦੇ ਉੱਤੇ ਢੀਂਗਲੀ ਲਗਾਈ ਜੀ, ਨਾਲ ਸੋਹਣੀ ਇਕ ਖੁਰਲੀ ਬਣਾਈ ਸੀ।
ਹੱਥੀਂ ਰੋਜ ਖੁਰਲੀ ਚਿ ਪਾਣੀ ਭਰਦੇ, ਪਸ਼ੂ ਪੰਛੀ ਪੀਣ ਪਾਣੀ ਮੌਜਾਂ ਕਰਦੇ।
ਇਕ ਦਿਨ ਪ੍ਰੇਮ ਸਿੰਘ ਨੂੰ ਬੁਲਾਂਵਦੇ, ਸੇਵਾ ਉਹਦੇ ਜ਼ਿੰਮੇਂ ਇਹੋ ਹੈ ਲਗਾਂਵਦੇ।
ਤੇਰੇ ਖੂਹ ਦੀ ਪ੍ਰੇਮ ਸਿੰਘਾ ਸਾਨੂੰ ਲੋੜ ਜੀ, ਖੂਹ ਤੂੰ ਲਵਾ ਲੈ ਇਕ ਜੁਦਾ ਹੋਰ ਜੀ ॥
ਅਸੀਂ ਭੀ ਸਹਾਇਤਾ ਤੇਰੀ ਪੂਰੀ ਕਰਾਂਗੇ, ਆਖੇਂਗਾ ਜੋ ਅਸਾਂ ਖਰਚਾ ਭੀ ਭਰਾਂਗੇ।
ਜੱਟ ਕਹਿੰਦਾ ਮੁਸਕਲ ਗੱਲ ਜਾਪਦੀ, ਮੰਨ ਨਹੀਂ ਹੋਣੀ ਦੇਹੋ ਗੱਲ ਆਪਦੀ ॥
ਖੂਹ ਤੇ ਮੰਨੇ ਤਾਂ ਹੈ ਹਲਟ ਲਗਾਵਣਾ, ਪੈਲੀ ਆਪਣੀ ਨੂੰ ਪਾਣੀ ਹੈ ਪਿਲਾਵਣਾ।
ਬਾਬਾ ਕਹਿੰਦਾ ਪਾਣੀ ਖੂਹ ਚਿ ਥੋੜਾ ਲਗਦਾ, ਗੁਜ਼ਾਰਾ ਮਸਾਂ ਹੁੰਦਾ ਪਸ਼ੂਆਂ ਦੇ ਬੱਗ ਦਾ ॥
ਕਹਿੰਦੇ ਸੰਤ ਜੱਟ ਤਾਈਂ ਸਮਝਾਇਕੈ, ਕਰੇਂਗਾ ਕੀ ਐਵੇਂ ਹਲਟ ਲਗਾਇਕੇ।
ਪਾਣੀ ਖੂਹ ਵਿਚ ਨਹੀਂ ਬਹੁਤ ਭਾਰਾ ਹੈ, ਮਸਾਂ ਹੁੰਦਾ ਪਸ਼ੂਆਂ ਦਾ ਹੀ ਗੁਜ਼ਾਰਾ ਹੈ ॥
ਦੂਜਾ ਖੂਹ ਲਵਾ ਲੈ ਰੱਬ ਭਲੀ ਕਰੂਗਾ, ਕੰਮ ਹੈ ਭਲੇ ਦਾ ਘਾਟਾ ਨਾ ਕੋਈ ਰਹੂਗਾ।
ਕਰਾਂਗੇ ਮਦਦ ਤੇਰੀ ਜੋ ਵੀ ਕਹੇਂਗੀ, ਖੂਹ ਹੋਰ ਲਾਕੇ ਤੂੰ ਵੀ ਸੌਖਾ ਰਹੇਂਗਾ ॥
ਮੰਨਿਆ ਨ ਜੱਟ ਨਾਂਹ ਰਿਹਾ ਕਰਦਾ, ਹਲਟ ਲਗੌਣ ਦੀ ਸਲਾਹ ਕਰਦਾ।
ਜੱਟ ਵਾਲੀ ਅੜੀ ਜੱਗ ਮਸਹੂਰ ਜੀ, ਸੋਚੀ ਗਲ ਜੱਟ ਨੇ ਨਾ ਕੋਈ ਦੂਰ ਦੀ ॥
ਵੇਲਾ ਹਥ ਆਇਆ ਗਿਆ ਨਾ ਸੰਭਾਲਿਆ, ਆਪ ਪੈਰੀਂ ਆਪਣੀ ਖੁਆੜਾ ਮਾਰਿਆ।
ਪ੍ਰੇਮ ਸਿੰਘ ਹੋਰਾਂ ਕੁਝ ਨਾ ਵਿਚਾਰਿਆ, ਜਨਮ ਸੌਰ ਜਾਂਦਾ ਗਿਆ ਨਾ ਸੰਵਾਰਿਆ ॥
ਚਾਲੂ ਕਰ ਦਿਤਾ ਹਲਟ ਲਗਾਇਕੇ, ਮੁਕ ਜਾਵੇ ਪਾਣੀ ਥੋੜਾ ਹੀ ਚਲਾਇਕੇ।
ਸੁਕਦਾ ਸੀ ਪਾਣੀ ਦਿਨੋਂ ਦਿਨ ਜ਼ਾਂਵਦਾ, ਦੇਖਿਆਂ ਖੂਹ ਖਾਲੀ ਸੀ ਨਜ਼ਰ ਆਂਵਦਾ ॥
ਪਾਣੀ ਬਿਨਾ ਖੂਹ ਕੰਮ ਕਿਸ ਆਂਵਦਾ, ਪ੍ਰੇਮ ਸਿੰਘ ਬਾਰ ਬਾਰ ਪਛਤਾਂਵਦਾ।
ਫਿਰ ਪਛਤਾਇਆਂ ਕੁਝ ਨਹੀਂ ਹੋਤ ਸੀ, ਚਿੜੀਆਂ ਨੇ ਚੁਗ ਲਿਆ ਜਦੋਂ ਖੇਤ ਜੀ ॥
ਕਿਹਾ ਸਾਧੂ ਵਾਲਾ ਬਿਰਥਾ ਨਾ ਜਾਵੇ ਜੀ, ਬਿਨਾ ਸੋਝੀ ਨਾਹੀਂ ਪਰਤੀਤ ਆਵੇ ਜੀ।
ਬਚਨ ਜੋ ਕੀਤਾ ਬਾਬੇ ਨੇ ਜ਼ਬਾਨੀ ਹੈ, ਢੱਠਾ ਹੋਇਆ ਖੂਹ ਅਜੇ ਵੀ ਨਿਸ਼ਾਨੀ ਹੈ ॥
ਲਛਮਣ ਸਿੰਘਾ ਕਦੀ ਨਾ ਬਚਨ ਤੋੜੀਏ, ਕਮੀ ਨਾ ਕੋਈ ਰਹੇ, ਮਿਲੇ ਜੋ ਵੀ ਲੋੜੀਏ।

O O

## ਪਿੰਡ ਦੇ ਕਾਬਲ ਸਿੰਘ ਫੌਜੀ ਦੀ ਬਸਰੇ ਗਏ ਦੀ ਬਾਬੇ ਨੇ ਸਹਾਇਤਾ ਕਰਨੀ ।

ਕਾਬਲ ਸਿੰਘ ਪਿੰਡ ਸੂਸਾਂ ਦਾ ਵਿਚ ਫੌਜ ਹੋਇਆ ਸੀ ਭਰਤੀ ।
ਥੋੜੇ ਚਿਰੀਂ ਵਡੀ ਜੰਗ ਛਿੜ ਪਈ ਐਸੀ ਭਾਵੀ ਵਰਤੀ ।
ਜੰਗ ਅੰਗ੍ਰੇਜਾਂ ਤੇ ਜਰਮਨ ਦਾ ਖਤਰਨਾਕ ਸੀ ਹੋਇਆ ।
ਕਿੰਨੇ ਮਰ ਗਏ ਫੌਜੀ ਸੀ ਨੁਕਸਾਨ ਬਥੇਰਾ ਹੋਇਆ ॥
ਪੱਚੀ ਨੰਬਰ ਪਲਟਨ ਵਿਚ ਕਾਬਲ ਸਿੰਘ ਨੌਕਰੀ ਕਰਦਾ ।
ਪਲਟਣ ਨੂੰ ਜੰਗ ਵਿਚ ਜਾਣੇ ਲਈ ਹੁਕਮ ਹੋਇਆ ਮਾਰਚ ਦਾ ॥
ਨਹਰ ਸਵੇਜ਼ ਤੇ ਪਲਟਨ ਪਹੁੰਚੀ ਠਹਿਰੀ ਓਥੇ ਥੋੜਾ ਸਮਾਂ ।
ਰੈਸਰ ਕਰਨ ਦੀ ਮਿਲੀ ਆਗਿਆ ਓਥੇ ਜਾਕੇ ਮਸਾਂ ਮਸਾਂ ॥
ਪਲਟਨ ਨੂੰ ਫਿਰ ਆਰਡਰ ਹੋਇਆ ਜੰਗ ਵਿਚ ਮਾਰਚ ਕਰਨ ਦਾ ।
ਜੰਗ ਵਿਚ ਅੱਗ ਵਰ੍ਹਦੀ ਹੈਸੀ ਖਤਰਾ ਹਰਦਮ ਮਰਨੇ ਦਾ ॥
ਕਾਬਲ ਸਿੰਘ ਜੰਗ ਵਿਚ ਜਾਣੇ ਤੋਂ ਦਿਲ ਹੀ ਦਿਲ ਵਿਚ ਹੈ ਡਰਦਾ ।
ਖੜਾ ਭਾਰ ਹੋ ਇਕ ਲੱਤ ਦੇ ਧਿਆਨ ਬਾਬੇ ਦਾ ਸੀ ਧਰਦਾ ॥
ਅਗੇ ਹੈ ਅੱਗ ਵਰ੍ਹਦੀ ਬਾਬਾ ਇਥੋਂ ਕਿਵੇਂ ਬਚਾ ਦੇ ਤੂੰ ।
ਸਹੀ ਸਲਾਮਤ ਸੂਸੀਂ ਮੈਨੂੰ ਆਪਣੇ ਘਰ ਪੁਚਾ ਦੇ ਤੂੰ ॥
"ਤੁਮਰੀ ਸਰਨ ਤੁਮਾਰੀ ਆਸਾ ਤੁਮਹੀ ਸਜਨ ਸੁਹੇਲੇ" ਜੀ ।
"ਰਾਖੋ ਰਾਖਣ ਹਾਰ ਦਿਆਲਾ ਨਾਨਕ ਘਰ ਕੇ ਗੋਲੇ" ਜੀ ॥
ਪਹੁੰਚੀ ਸੰਤਾਂ ਤਾਈਂ ਕਾਬਲ ਸਿੰਘ ਦੀ ਇਹ ਅਰਜੋਈ ਸੀ ।
ਬਾਬੇ ਦੀ ਕਾਬਲ ਸਿੰਘ ਉੱਤੇ ਰਹਿਮਤ ਇਕ ਦਮ ਹੋਈ ਸੀ ॥
ਕਾਬਲ ਸਿੰਘ ਨੂੰ ਛੁੱਟੀ ਮਿਲ ਗਈ ਇਕ ਮਹੀਨੇ ਭਰਦੀ ।
ਬਾਬੇ ਦੀ ਕਿਰਪਾ ਮਨਜ਼ੂਰੀ ਛੇਤੀ ਮਿਲ ਗਈ ਅਫਸਰ ਦੀ ॥

○ ○

## ਬਾਬਾ ਜੀ ਨੇ ਕਾਬਲ ਸਿੰਘ ਦੀ ਮਾਈ ਨੂੰ ਕਾਬਲ ਸਿੰਘ ਦੇ ਛੁਟੀ ਤੇ ਆ ਜਾਣ ਬਾਰੇ ਦਸਣਾ

ਇਕ ਦਿਨ ਕਾਬਲ ਸਿੰਘ ਦੀ ਮਾਈ ਸੰਤਾਂ ਡੇਰੇ ਆਈ ।
ਪ੍ਰੇਮ ਸਹਿਤ ਭੋਜਨ ਪਰਸ਼ਾਦੇ ਘਰ ਤੋਂ ਸੀ ਲਿਆਈ ॥
ਮੱਥਾ ਟੇਕ ਕੇ ਬੈਠ ਗਈ ਸੀ ਸੰਤਾਂ ਲਾਗੇ ਮਾਈ ।
ਸੰਤਾਂ ਨੇ ਮਾਈ ਦੇ ਤਾਈਂ ਇਹ ਸੋਹਣੀ ਖਬਰ ਸੁਣਾਈ ॥

ਆ ਰਿਹਾ ਕਾਬਲ ਸਿੰਘ ਛੁੱਟੀ ਰੱਬ ਦੀ ਕਿਰਪਾ ਹੋਈ।
ਪਹੁੰਚ ਜਾਊ ਕੁਝ ਦਿਨਾਂ ਵਿਚ ਏਥੇ ਫਿਕਰ ਨਾ ਕਰਿਓ ਕੋਈ॥

ਮਾਈ ਕਹਿੰਦੀ ਕਾਬਲ ਸਿੰਘ ਤਾਂ ਗਿਆ ਹੈ ਵਿਚ ਲੜਾਈ।
ਅਜੇ ਤਾਂ ਕੱਲ ਹੀ ਸਾਨੂੰ ਉਸ ਦੀ ਚਿੱਠੀ ਹੈ ਇਹ ਆਈ॥

ਸੰਤਾਂ ਦਸਿਆ ਮਾਈ ਤਾਈਂ ਫਿਰ ਸੀ ਦੂਜੀ ਵਾਰੀ।
ਕਾਬਲ ਸਿੰਘ ਛੇਤੀ ਆ ਜਾਊ ਚਿੰਤਾ ਠਾਓ ਸਾਰੀ॥

ਕਾਬਲ ਸਿੰਘ ਦੇ ਚਾਚੇ ਨੂੰ ਮਾਈ ਇਹ ਖਬਰ ਸੁਣਾਵੇ।
ਸੰਤ ਕਹਿਣ ਕਾਬਲ ਸਿੰਘ ਘਰ ਨੂੰ ਛੁੱਟੀ ਤੁਰਿਆ ਆਵੇ॥

ਹੁਕਮ ਸਿੰਘ ਚਾਚਾ ਕਾਬਲ ਸਿੰਘ ਦਾ ਸੰਤਾਂ ਕੋਲ ਸੀ ਪਹੁੰਚਾ ਜਾ।
ਤੱਕੀ ਜਾਵੇ ਸੰਤਾਂ ਵੱਲ ਨੂੰ ਉਸ ਨੂੰ ਵੀ ਕਿਵੇਂ ਦੇਣ ਬਤਾ॥

ਹਸ ਕੇ ਬਾਬੇ ਆਖਿਆ ਭਾਈ ਕਾਬਲ ਛੁੱਟੀ ਰਿਹਾ ਹੈ ਆ।
ਦੋ ਦਿਨ ਤਕ ਉਸ ਘਰ ਆ ਜਾਣਾ ਰਹੇ ਹੋ ਸਾਰੇ ਕਿਉਂ ਘਬਰਾ॥

ਹੁਕਮ ਸਿੰਘ ਘਰ ਆ ਕੇ ਦਿੱਤਾ ਸੰਤਾਂ ਵਾਲਾ ਬਚਨ ਸੁਣਾ।
ਖੁਸ਼ੀ ਹੋਈ ਹੈਰਾਨ ਵੀ ਹੋਇਆ ਸਾਰਾ ਹੀ ਪਰਵਾਰ ਬੜਾ॥

ਘਰ ਦੇ ਕਹਿੰਦੇ ਹੁਕਮ ਸਿੰਘ ਨੂੰ ਫਿਰ ਸੁਬਹ ਡੇਰੇ ਨੂੰ ਜਾਈਂ।
ਕਾਬਲ ਸਿੰਘ ਦੇ ਆਉਣੇ ਬਾਰੇ ਪਕੀ ਖਬਰ ਲਿਆਈਂ॥

ਹਰਨਾੜੀ ਲੈ ਜਦੋਂ ਸਵੇਰੇ ਗਿਆ ਓਹ ਜੋਤਾ ਲੌਣੇ।
ਬਲਦ ਖੜੇ ਕਰ ਆਇਆ ਬਾਬੇ ਕੋਲ ਸੀ ਸੀਸ ਨਵੌਣੇ॥

ਹਸ ਕੇ ਸੀ ਦਸ ਦਿੱਤਾ ਸੰਤਾਂ ਕਾਬਲ ਦੇ ਘਰ ਆਵਣ ਦਾ।
ਅੱਖਾਂ ਮੀਟ ਅਰਾਦਾ ਕੀਤਾ ਪੂਰੀ ਖਬਰ ਲਿਆਵਣ ਦਾ॥

ਜਲੰਧਰ ਦੇ ਟੇਸ਼ਨ ਤੇ ਕਹਿੰਦੇ ਕਾਬਲ ਸਿੰਘ ਹੈ ਆ ਪਹੁੰਚਾ।
ਟਿਕਟ ਏਧਰ ਦਾ ਲੈ ਰਿਹਾ ਹੈ ਤਾਕੀ ਅੱਗੇ ਓਹ ਖੜਾ॥

ਮੋਢੇ ਬਿਸਤਰਾ ਗਲ ਵਿਚ ਝੋਲਾ ਗੱਡੀ ਵਿਚ ਹੈ ਚੜਨ ਲਗਾ।
ਸਭ ਕੁਝ ਜਦ ਬਾਬੇ ਦਸ ਦਿੱਤਾ ਹੁਕਮ ਸਿੰਘ ਨੂੰ ਚੜ੍ਹ ਗਿਆ ਚਾ॥

ਆਗਿਆ ਸੰਤਾਂ ਪਾਸੋਂ ਆਕੇ ਖੇਤ 'ਚ ਹਲ ਚਲਾਇਆ ਸੀ।
ਦੋ ਘੰਟੇ ਬੀਤੇ ਜਦ ਕਾਬਲ ਸਿੰਘ ਆਉਂਦਾ ਦਿਸ ਆਇਆ ਸੀ।

ਹੁਕਮ ਸਿੰਘ ਦੇ ਪਾਸ ਆ ਗਿਆ ਆਕੇ ਫਤਹਿ ਬੁਲਾਈ ਸੀ।
ਹਲ ਛੱਡ ਕੇ ਡੇਰੇ ਵਲ ਨੂੰ ਦੋਹਾਂ ਕੀਤੀ ਧਾਈ ਸੀ॥

ਦਰਸ਼ਨ ਕੀਤੇ ਜਾ ਕੇ ਦੋਨਾਂ ਪੈਰੀਂ ਪੈ ਗਏ ਬਾਬੇ ਦੀ।
ਧਨ ਧਨ ਆਖਣ ਦੋਨੋਂ ਕਰਦੇ ਸੀ ਵਡਿਆਈ ਬਾਬੇ ਦੀ॥

ਹਸ ਪਏ ਬਾਬੇ ਕਹਿੰਦੇ ਲੈ ਵਈ ਕਾਬਲ ਸਿੰਘ ਹੈ ਆ ਪਹੁੰਚਾ ।
ਮਿਹਰਾਂ ਜਦ ਮਾਲਕ ਦੀਆਂ ਹੋਵਣ ਬਲਦੀ ਚੋਂ ਉਹ ਲਏ ਬਚਾ ॥
ਹੁਣ ਨਹੀਂ ਜੰਗ ਜਾਣਾ ਪੈਣਾ ਮਿਹਰ ਗੁਰੂ ਦੀ ਹੋ ਜਾਣੀ ।
ਛੁੱਟੀ ਪੂਰੀ ਹੋਵਣ ਤਾਈਂ ਫੌਜ ਪਿੱਛਾਂ ਨੂੰ ਆ ਜਾਣੀ ॥
ਸਾਡੀ ਕਿਸੇ ਕੋਲ ਗਲ ਨਹੀਂ ਕਰਨੀ ਰੱਬ ਦੀ ਸਭ ਵਡਿਆਈ ਹੈ ।
ਲਛਮਣ ਸਿੰਘ ਦੁੱਖ ਪਾਵੇ ਨਾਹੀਂ ਆਵੇ ਜੋ ਸਰਨਾਈ ਹੈ ।

○ ○

## ਵਰਿਆਮ ਦਾਸ ਚੇਲੇ ਅਤੇ ਉਸ ਦੀ ਔਰਤ ਕਿਰਪੋ ਦੀ ਵਾਰਤਾ

ਵਰਿਆਮ ਦਾਸ ਦੀ ਮਾਈ ਰੋਜ਼, ਜਾ ਡੇਰੇ ਸੇਵ ਕਮੇਂਦੀ ।
ਝਾੜੂ ਦੇਂਦੀ ਸਾਮ ਸਵੇਰੇ, ਅੰਨ ਪਾਣੀ ਪਹੁੰਚੇਂਦੀ ॥
ਵਰਿਆਮ ਦਾਸ ਵੀ ਡੇਰੇ ਜਾਂਦਾ ਸਰਧਾ ਮਨ ਉਪਜਾਵੇ ।
ਸੰਤਾਂ ਦਾ ਸੇਵਕ ਸੀ ਬਣਿਆ ਹਰੀ ਦਾ ਨਾਮ ਧਿਆਵੇ ॥
ਵਰਤਿਆ ਰੱਬ ਦਾ ਐਸਾ ਭਾਣਾ ਗੁਜ਼ਰ ਗਈ ਸੀ ਮਾਈ ।
ਪਰਵਾ ਜਿਹਦਾ ਸਭ ਸੇਵਕ ਬਣਿਆ ਕੀਤੇ ਨੇਕ ਕਮਾਈ ॥
ਵਰਿਆਮ ਦਾਸ ਦੀ ਔਰਤ ਕਿਰਪੋ, ਡੇਰੇ ਸੇਵ ਕਮਾਵੇ ।
ਝਾੜੂ ਤੇ ਰੋਟੀ ਦੀ ਸੇਵਾ ਕਰਕੇ ਖੁਸ਼ੀ ਮਨਾਵੇ ।
ਬੱਚੇ ਦੋਵੇਂ ਗੁਜਰ ਗਏ ਬਸ ਗੋਦ ਹੋਈ ਸੀ ਖਾਲੀ ।
ਜੀਵਨ ਹੋ ਗਿਆ ਸੁੱਨਾ ਸੁੱਨਾ ਜਿਉਂ ਫਲ ਤੋਂ ਬਿਨਾਂ ਡਾਲੀ ॥
ਇਕ ਦਿਨ ਜੋ ਕਿਰਪੋ ਸੀ ਡੇਰੇ ਸੇਵਾ ਕਰਨੇ ਆਈ ।
ਚੇਤੇ ਆ ਗਏ ਬੱਚੇ ਆਪਣੇ, ਜਾਈ ਨਾ ਸੇਵ ਕਮਾਈ ॥
ਬਹਿ ਗਈ ਝਾੜੂ ਛੱਡ ਕੇ ਕਿਰਪੋ ਹੱਥ ਮੱਥੇ ਤੇ ਧਰਕੇ ।
ਕਿਸੇ ਕੰਮ ਨੂੰ ਜੀ ਨਾ ਲੱਗੇ ਹੋਵੇ ਹੌਕੇ ਭਰ ਕੇ ॥
ਫਿਰਦੇ ਤੁਰਦੇ ਬਾਬੇ ਹੋਰੀਂ ਬਾਹਰ ਅਚਾਨਕ ਆਏ ।
ਦੇਖਣ ਤਾਂ ਕਿਰਪੋ ਇਕ ਪਾਸੇ ਬੈਠੀ ਨੀਵੀਂ ਪਾਈ ॥
ਕਹਿਣ ਲੱਗੇ ਕੀ ਗੱਲ ਹੈ ਬੀਬਾ ਬੈਠੀ ਢੇਰੀ ਢਾਈ ।
ਸਰੀਰ ਹੋਇਆ ਹੈ ਢਿੱਲਾ ਮਿੱਠਾ ਜਾ ਕੋਈ ਔਕੜ ਆਈ ॥
ਕੀ ਦੁੱਖ ਹੈ ਕਿਰਪੋ ਬੀਬੀ ਦੂਰ ਅਸੀਂ ਓਹ ਕਰੀਏ ।
ਜਿਹੜੀ ਵੀ ਕੋਈ ਲੋੜ ਹੈ ਤੈਨੂੰ ਮਦਦ ਤੇਰੀ ਕਰੀਏ ॥

○ ○

## ਕਿਰਪੋ ਨੇ ਦੁਖ ਦੱਸਣਾ ਅਤੇ ਬੱਚੇ ਦੀ ਦਾਤ ਮੰਗਣੀ

ਹੱਥ ਜੋੜ ਨਮਸਕਾਰ, ਕਿਰਪੋ ਕਰੇ ਬਾਬੇ ਤਾਈਂ, ਦਿਲ ਦਾ ਸੀ ਦੁੱਖ ਬੀਬੀ ਖੋਲ ਕੇ ਬਤਾਂਵਦੀ।
ਦੋ ਬੱਚੇ ਸੀਗੇ ਜਿਹੜੇ ਦੋਵੇਂ ਹੀ ਗੁਜ਼ਰ ਗਏ, ਹੋਈ ਗੱਲ ਓਹੋ ਜਿਹੜੀ ਰੱਬ ਨੂੰ ਸੀ ਭਾਂਵਦੀ॥
ਮੁੜ ਮੁੜ ਯਾਦ ਔਂਦੇ ਬੱਚੇ ਮੈਨੂੰ ਭੁੱਲਦੇ ਨਾ, ਦਿਨ ਰਾਤ ਯਾਦ ਮੈਨੂੰ ਉਨ੍ਹਾਂ ਦੀ ਸਤਾਂਵੇਦੀ।
ਸੁੰਨਾ ਸੁੰਨਾ ਘਰ ਲਗੇ, ਨਾ ਹੀ ਘਰ ਜੀ ਲੱਗੇ, ਬਣਦਾ ਨਾ ਕੁਝ ਨਾ ਕੋਈ ਪੇਸ਼ ਸਾਡੀ ਜਾਂਵਦੀ॥
ਪੁੱਛੀ ਹੈ ਜੇ ਲੋੜ ਮੇਰੀ, ਲੋੜ ਇਕੋ ਦਾਤਿਆ ਵੇ, ਪੂਰੀ ਕਰ ਦੇਵੋ ਏਹੋ ਆਸ ਰਖਾਂਵਦੀ।
ਲੱਗ ਜਾਵੇ ਭਾਗ ਮੁੜ ਘਰ ਸਾਡੇ ਉਜੜੇ ਨੂੰ, ਚਰਨਾਂ ਤੇ ਢਹਿ ਤੇਰੇ ਅਰਜ ਸੁਨਾਂਵਦੀ॥
ਦਰ ਤੇਰੇ ਔਂਦੇ ਬਾਬਾ ਜਿਹੜੇ ਵੀ ਮੁਰਾਦ ਲੈਕੇ, ਮੁਰਾਦ ਪੂਰੀ ਹੋਵੇ ਆਸ ਬਿਰਥੀ ਨਾ ਜਾਂਦੀ।
ਲਛਮਣ ਸਿੰਘ ਦਇਆ ਬਾਬੇ ਹੋਰਾਂ ਦੇ ਸੀ ਦਿਲ ਆਈ ਕਹਿੰਦੇ ਭਲਾ ਹੋਊ ਕਾਹਨੂੰ ਦਿਲ ਉਦਰਾਂਵਦੀ।

○ ○

## ਬਾਬੇ ਜੀ ਨੇ ਕਿਰਪੋ ਤੇ ਦਇਆ ਕਰਨੀ ਤੇ ਬਚਨ ਦੇਣਾ ਕਿ ਤੇਰੇ ਇਕ ਲੜਕਾ ਹੋਏਗਾ ਜੋ ਭਾਗਸ਼ਾਲੀ ਹੋਏਗਾ

ਘਰ ਕਿਰਪੋ ਦੇ ਥੋੜੇ ਜਿਹੇ ਸਮੇਂ ਪਿੱਛੋਂ, ਇਕ ਪੁੱਤਰ ਸੀ ਭੇਜ ਕਰਤਾਰ ਦਿੱਤਾ।
ਸੰਤਾਂ 'ਭਗਤ' ਸੀ ਰਖਿਆ ਨਾਮ ਉਸਦਾ, ਐਸਾ ਬਾਲਕੇ ਤਾਈਂ ਪਿਆਰ ਦਿੱਤਾ।
ਪੜ੍ਹੀ ਵਿਦਿਆ ਚੰਗੀ ਉਸ ਬਾਲਕੇ ਨੇ, ਭਵਿਖ ਆਪਣੇ ਤਾਈਂ ਸਵਾਰ ਦਿੱਤਾ।
ਏਅਰ ਫੋਰਸ ਵਿਚ ਨੌਕਰੀ ਮਿਲੀ ਉਸ ਨੂੰ, ਡਿਊਟੀ ਚੰਗੀ ਦੇ ਸਮਾਂ ਗੁਜ਼ਾਰ ਦਿੱਤਾ॥
ਅਫਸਰ ਬਣਿਆ ਸੀ ਵੱਡਾ ਉਹ ਸਮਾਂ ਪਾਕੇ, ਰੁਤਬਾ ਉਹਨੂੰ ਸੀ ਵੱਡਾ ਸਰਕਾਰ ਦਿੱਤਾ।
ਲਛਮਣ ਸਿੰਘ ਸੰਤਾਂ ਦੇ ਗੁਣ ਗਾਉਂਦਾ, ਜਿਹੜਾ ਸ਼ਰਨ ਆਇਆ ਬਾਬੇ ਤਾਰ ਦਿੱਤਾ॥

○ ○

## ਬਾਬੇ ਦੀ ਉਸਤਤ

ਜੀਵਨ ਯਾਤਰਾ ਵਿਚ ਜਵਾਹਰ ਦਾਸ ਬਾਬੇ, ਪਰ ਉਪਕਾਰ ਸੀ ਬੇਸ਼ੁਮਾਰ ਕੀਤੇ।
ਲੜ ਲਾਇਆ ਭਗਵਾਨ ਦੇ ਪ੍ਰੇਮੀਆਂ ਨੂੰ, ਕਿੰਨੇ ਦੁਖੀਆਂ ਦੇ ਕਸ਼ਟ ਨਿਵਾਰ ਦਿੱਤੇ॥
ਸੇਵਾ ਬਾਬੇ ਦੀ ਕੀਤੀ ਜਿਨ੍ਹੀ ਚਿੱਤ ਲਾਕੇ ਬੜੇ ਉਨ੍ਹਾਂ ਦੇ ਬਾਬੇ ਨੇ ਤਾਰ ਦਿੱਤੇ।
ਤਾਲ ਪੱਟ ਕੇ ਕਢਿਆ ਜਲ ਸੀਤਲ, ਤਪਦੇ ਹਿਰਦੇ ਸੀ ਸਭ ਦੇ ਠਾਰ ਦਿੱਤੇ॥
ਚੋਲਾਂ ਛੱਡਣ ਤੋਂ ਪਹਿਲਾਂ ਸੇਵਕਾਂ ਅਤੇ ਪ੍ਰੇਮੀਆਂ ਨੂੰ ਉਪਦੇਸ਼ —।
ਸੋਹਣਾ ਜੀਵਨ ਦਾ ਪੰਧ ਸੀ ਤੈ ਕੀਤਾ, ਨਾਮ ਉਪਦੇਸ਼ ਦੇਂਦੇ ਰਹੇ ਸੰਗਤਾਂ ਨੂੰ॥
ਆਇਆ ਨੇੜੇ ਸਮਾਂ ਚੋਲਾ ਤਿਆਗਣੇ ਦਾ, ਕਹੇ ਬਾਬੇ ਸੀ ਬਚਨ ਇਹ ਸੰਗਤਾਂ ਨੂੰ।
ਜਿੰਨਾਂ ਮਿਲਿਆ ਸੀ ਸਮਾਂ ਪਰਮਾਤਮਾ ਤੋਂ, ਲੇਖੇ ਉਸੇ ਦੇ ਸਾਰਾ ਹੀ ਲਾ ਚਲੇ॥
ਸੇਵਾ ਹੋ ਸਕੀ ਜਿੰਨੀ ਸੰਗਤਾਂ ਦੀ, ਅਸੀਂ ਉਤਨੀ ਸੇਵ ਕਮਾ ਚਲੇ।
ਇਸ ਚੋਲੇ ਨੂੰ ਹੁਣ ਤਿਆਗ ਕਰਕੇ, ਸੱਚੇ ਸਾਹਿਬ ਦੇ ਅਸੀਂ ਦਰਬਾਰ ਚਲੇ॥

ਤੁਹਾਡਾਂ ਗੁਰਮੁਖਾਂ ਪ੍ਰੇਮੀਆਂ ਸੇਵਕਾਂ ਦਾ, ਲੈ ਆਪਣੇ ਨਾਲ ਪਿਆਰ ਚਲੇ।
ਨਾਮ ਹਰੀ ਦਾ ਪਿਆਰਿਓ ਭੁਲਣਾ ਨਹੀਂ ਅੰਤ ਜੀਵ ਦਾ ਇਹੀ ਸਹਾਈ ਹੋਵੇ॥
ਸੇਵਾ ਸੰਗਤਾਂ ਦੀ ਚਿੱਤ ਲਾ ਕਰਨੀ, ਸਫਲੀ ਅੰਤ ਨੂੰ ਨੇਕ ਕਮਾਈ ਹੋਵੇ।
ਡੇਰੇ ਤੁਸਾਂ ਨੇ ਨਾਲ ਪਿਆਰ ਰਹਿਣਾ, ਅੰਨ ਪਾਣੀ ਛਕੌਣਾ ਆਈਆਂ ਸੰਗਤਾਂ ਨੂੰ॥
ਮੇਰ ਤੇਰ ਦਾ ਭੇਦ ਮਿਟਾ ਦਿਲ 'ਚੋਂ, ਇਕੋ ਪਿਆਰ ਦੇਣਾ ਸਭ ਸੰਗਤਾਂ ਨੂੰ॥

○ ○

## ਸੰਤਾਂ ਨੇ ਸ਼ਰੀਰ ਦਾ ਚੋਲਾ ਤਿਆਗ ਕੇ ਬੈਕੁੰਠ ਧਾਮ ਪਿਆਨੇ ਕਰਨੇ

ਝੂਠੀ ਮਾਇਆ ਦੇ ਇਸ ਸੰਸਾਰ ਨਾਲੋਂ ਸੁਰਤੀ ਆਪਣੀ ਸੀ ਬਾਬੇ ਤੋੜ ਲੀਤੀ।
ਬੈਕੁੰਠ ਧਾਮ ਵਲਾਂ ਚਾਲੇ ਪਾਵਣੇ ਨੂੰ ਬਿਰਤੀ ਹਰੀ ਚਰਨਾਂ ਨਾਲ ਜੋੜ ਲੀਤੀ।
ਰੱਬੀ ਰੂਹ, ਸ਼ਰੀਰ ਦਾ ਤਿਆਗ ਚੋਲਾ ਸੱਚ ਖੰਡ ਉਡਾਰੀਆਂ ਮਾਰੀਆਂ ਸੀ।
ਜਵਾਹਰ ਦਾਸ ਜੀ ਬਾਬਾ ਜੀ ਧੰਨ ਹੈ ਤੂੰ, ਜੱਸ ਕਰਨ ਰਲ ਸੰਗਤਾਂ ਸਾਰੀਆਂ ਜੀ॥

○ ○

## ਸੰਤਾਂ ਦੇ ਸ਼ਰੀਰ ਦਾ ਇਸ਼ਨਾਨ ਕਰੌਣ ਦਾ ਹਾਲ

ਦੂਰੋਂ ਨੇੜਿਓਂ ਸੰਗਤਾਂ ਚਲ ਆਈਆਂ ਦਰਸ਼ਨ ਸੰਤਾਂ ਦਾ ਆਖਰੀ ਪਾਵਣੇ ਨੂੰ।
ਸੋਹਣਾ ਪ੍ਰੇਮੀਆਂ ਤਿਆਰ ਬਬਾਣ ਕੀਤਾ ਰੀਝਾਂ ਲਾਈਆਂ ਸੀ ਖੂਬ ਸਜਾਵਣੇ ਨੂੰ॥
ਚੰਨਣ ਘੀ ਮੇਵੇ ਆਦਿ ਲੈ ਆਂਦੇ ਚਿਖਾ ਵਿਚ ਸਮੱਗਰੀ ਪਾਵਣੇ ਨੂੰ।
ਜਲ ਸੰਗਤਾਂ ਨੇ ਸੀ ਲੈ ਆਂਦਾ ਪਵਿੱਤਰ ਸੰਤਾਂ ਦੀ ਦੇਹ ਨਹਿਲਾਵਣੇ ਨੂੰ।
ਪਾਣੀ ਜਿੰਨਾਂ ਸ਼ੀ ਪਾਇਆ ਸ਼ਰੀਰ ਉੱਤੇ ਅੰਤਮ ਸਮੇਂ ਇਸ਼ਨਾਨ ਕਰਾਵਣੇ ਨੂੰ।
ਪਾਣੀ ਸੰਗਤਾਂ ਹੱਥਾਂ ਵਿਚ ਬੋਚ ਲੀਤਾ ਅੰਮ੍ਰਿਤ ਸਮਝ ਮੁੱਖ ਆਪਣੇ ਪਾਵਣੇ ਨੂੰ॥
ਥੋੜ੍ਹਾ ਬਹੁਤ ਜੋ ਡੁੱਲ੍ਹਿਆ ਧਰਤ ਉੱਤੇ ਬੀਬੀਆਂ ਮਿੱਟੀ ਚੱਕੀ ਓਹ ਖਾਵਣੇ ਨੂੰ।
ਜਿਸ ਪਾਣੀ ਤੋਂ ਲੋਕ ਪਰਹੇਜ਼ ਕਰਦੇ ਲਭਾ ਲੋਕਾਂ ਨੂੰ ਨਾ ਮੁੱਖ ਪਾਵਣੇ ਨੂੰ॥
ਚੋਲਾ ਬਾਬੇ ਦਾ ਵੰਡਿਆ ਪ੍ਰੇਮੀਆਂ ਨੇ, ਨਾਲ ਸ਼ਰਧਾ ਦੇ ਘਰੀਂ ਲੈ ਜਾਵਣੇ ਨੂੰ।
ਜਿਹੜਾ ਕਪੜਾ ਕੋਈ ਨਾ ਗ੍ਰਹਣ ਕਰਦਾ, ਲੈ ਗਏ ਬੱਚਿਆਂ ਦੇ ਗਲ ਪਾਵਣੇ ਨੂੰ॥
ਪ੍ਰੇਮੀ ਸ਼ਰਧਾ ਦੇ ਫੁੱਲ ਚੜ੍ਹੌਣ ਬਾਬੇ ਜਵਾਹਰ ਦਾਸ ਨੂੰ ਵਿਦਾ ਕਰਾਵਣੇ ਨੂੰ।
ਲਛਮਣ ਸਿੰਘ ਬਿਆਨ ਤੋਂ ਬਾਹਰ ਸ਼ੋਭਾ ਤੁੱਛ ਬੁੱਧੀ ਕੀ ਜਾਣੇ ਲਖਾਵਣੇ ਨੂੰ॥

○ ○

## ਬਾਬਾ ਜੀ ਦੇ ਬਬਾਣਾ ਦਾ ਨੂਰੀ ਸ਼ਾਨ ਵਾਲਾ ਦ੍ਰਿਸ਼~ ਅਸਮਾਨ ਵਿੱਚ ਰੱਬੀ ਗੋਲਾ ਚੱਲਣਾ

ਸੰਤਾਂ ਦਾ ਬਬਾਣ ਸੀ ਤਿਆਰ ਕੀਤਾ ਸੰਗਤਾਂ ਨੇ ਸੋਹਣੇ ਸੋਹਣੇ ਕਪੜੇ ਸੀ ਰੇਸ਼ਮੀ ਲਗਾਂਵਦੇ।
ਸੋਹਣੇ ਸੋਹਣੇ ਫੁੱਲਾਂ ਦੀਆਂ ਲੜੀਆਂ ਪ੍ਰੋਤੀਆਂ ਸੀ ਸੋਹਣੇ ਸੋਹਣੇ ਫੱਲ ਲਾ ਬਾਬਣ ਸ਼ੀ ਸਜਾਂਵਦੇ ॥
ਜਲੂਸ ਸ਼ਾਹੀ ਠਾਠ ਵਾਲਾ ਕਢਿਆ ਬਬਾਣ ਦਾ ਸੀ ਡੇਰੇ ਦੇ ਦਵਾਲੇ ਪਰਕਰਮਾਂ ਕਰਾਂਵਦੇ।
ਰੱਬੀ ਗੋਲਾ ਚੱਲਿਆ ਸਮਾਨ ਵਿਚ ਏਨਾ ਵੱਡਾ ਸੁਣਿਆ ਸੀ ਦੇਸ਼ ਸਾਰੇ ਲੋਕ ਬਤਾਂਵਦੇ ॥
ਮੋਹਰੇ ਆਤਸ਼ਬਾਜ਼ੀ ਓਦੂੰ ਪਿਛੇ ਬੈਂਡ ਬਾਜਾ ਬਜੇ ਓਦੂੰ ਪਿਛੇ ਪੰਜ ਘੋੜੇ ਫੜ ਕੇ ਤੁਰਾਂਵਵ।
ਉਦੂੰ ਪਿਛੇ ਬਾਬਾ ਜੀ ਦਾ ਅਰਸ਼ੀ ਬਬਾਣ ਚਲੇ, ਰੱਬੀ ਰੰਗ ਖਿੜੇ ਸ਼ੋਭਾ ਅਚਰਜ ਬਣਾਂਵਦੇ ॥
ਬਬਾਣ ਪਿੱਛੇ ਸੰਗਤਾਂ ਸੀ ਤੁਰੀਆਂ ਕਤਾਰਾਂ ਬੰਨ੍ਹ ਹਰੀ ਨਾਮ ਵਾਲੇ ਗੀਤ ਜਾਂਦੇ ਸਭ ਗਾਂਵਦੇ।
ਮਖਾਣੇ ਤੇ ਪਤਾਸੇ ਅਤੇ ਪੈਸੇ ਬੇਸ਼ੁਮਾਰ ਸੁੱਟੇ ਕਿੰਨੇ ਲੋਕ ਝੋਲੀਆਂ ਲਾ ਕੱਠੇ ਕਰੀ ਜਾਂਦੇ ॥
ਪਹੁੰਚ ਗਿਆ ਮੁੜਕੇ ਜਲੂਸ ਡੇਰੇ ਦੂਜੇ ਵੇਲੇ, ਪ੍ਰੇਮ ਸਤਿਕਾਰ ਨਾਲ ਚਿਖਾ ਸੀ ਬਣਾਂਵਦੇ।
ਘਿਉ ਮੇਵੇ ਚੰਨਣ ਸਮੱਗਰੀ ਚਿਖਾ ਤੇ ਪਾਈ ਨਾਲ ਸਨਮਾਨ ਸੰਸਕਾਰ ਸੀ ਕਰਾਂਵਦੇ ॥
ਮੁਖੀ ਸੇਵਾਦਾਰ ਹੱਥ ਜੋੜ ਸਭ ਸੰਗਤਾਂ ਨੂੰ ਘਰੀਂ ਜਾਣ ਵਾਲੀ ਆਗਿਆ ਸੁਣਾਂਵਦੇ।
ਦਿਲਾਂ ਵਿਚ ਬਾਬੇ ਦਾ ਪ੍ਰੇਮ ਲੈ ਕੇ ਲਛਮਣ ਸਿੰਘਾ ਧੰਨ ਬਾਬਾ ਆਖਦੇ ਸੀ ਲੋਕੀਂ ਘਰੀਂ ਜਾਂਵਦੇ ॥

○ ○

## ਬਾਬੇ ਜਵਾਹਰ ਦਾਸ ਦਾ ਵਿਛੋੜਾ

ਪਿਆਰੇ ਸੰਤ ਜੀ ਅੱਖੀਆਂ ਮੀਟੀਆਂ ਤੂੰ, ਸੋਗ ਪੈ ਗਿਆ ਸਾਰੇ ਸੰਸਾਰ ਦੇ ਵਿਚ।
ਹੰਝੂ ਅਰਸ਼ ਤੇ ਕੁਰਸ਼ ਵਗਾਏ ਦੇਖੋ, ਕੰਧਾਂ ਰੋਂਦੀਆਂ ਤੇਰੇ ਪਿਆਰ ਦੇ ਵਿਚ ॥
ਅਰਥੀ ਤੇਰੀ ਤੇ ਫੁੱਲਾਂ ਦੀ ਹੋਈ ਬਰਖਾ, ਖੜੇ ਦੇਵਤੇ ਤੇਰੇ ਸਤਿਕਾਰ ਦੇ ਵਿਚ।
ਬਿਰਛ ਬੂਟਿਆਂ ਝੂਮਣਾ ਬੰਦ ਕੀਤਾ, ਫੁੱਲ ਭੇਂਟ ਸੀ ਤੇਰੇ ਸਤਿਕਾਰ ਦੇ ਵਿਚ ॥
ਪਸ਼ੂ ਪੰਛੀਆਂ ਤੇਰੇ ਵਿਜੋਗ ਅੰਦਰ, ਮੌਨ ਧਾਰਿਆ ਤੇਰੇ ਸਤਿਕਾਰ ਦੇ ਵਿਚ।
ਵਿਛੋੜਾ ਜਾਵੇ ਨਾ ਝੱਲਿਆ ਸੰਗਤਾਂ ਤੋਂ, ਹੰਝੂ ਕੇਰ ਦੇ ਤੇਰੇ ਪਿਆਰ ਦੇ ਵਿਚ ॥
ਨੇਕੀ ਨਿਮਰਤਾ ਅਤੇ ਨਿਸ਼ਕਾਮ ਸੇਵਾ, ਅਤੇ ਪੁਤਲਾ ਪਰਉਪਕਾਰ ਦਾ ਸੈਂ।
ਅਤਿ ਮਿੱਠੀ ਰਫਤਾਰ ਗੁਫਤਾਰ ਤੇਰੀ ਸ਼ੌਕੀ ਸਦਾ ਪ੍ਰੇਮ ਪਿਆਰ ਦਾ ਸੈਂ ॥
ਲੇਖਾ ਲੱਗੇ ਨਾ ਤੇਰੀ ਤਪੱਸਿਆ ਦਾ, ਸੇਵਾ ਕਰਦਿਆਂ ਉਮਰ ਗੁਜ਼ਾਰ ਦਿੱਤੀ ॥
ਉਹਨੂੰ ਤਾਰਿਆ ਜੋ ਤੇਰੀ ਸ਼ਰਨ ਆਇਆ, ਨਾਲ ਕੁੱਲ ਵੀ ਉਸ ਦੀ ਤਾਰ ਦਿੱਤੀ।
ਕੋਈ ਬਾਬਾ ਜੀ ਸ਼ਬਦ ਨਹੀਂ ਪਾਸ ਮੇਰੇ, ਜਿਨ੍ਹਾਂ ਨਾਲ ਮੈਂ ਤੈਨੂੰ ਸਤਿਕਾਰ ਦੇਵਾਂ ॥
ਜੀ ਚਾਹੁੰਦਾ ਤੇਰੇ ਉਪਕਾਰ ਸੁਣ ਕੇ, ਜਾਨ ਤੇਰੇ ਤੋਂ ਸੰਤ ਜੀ ਵਾਰ ਦੇਵਾਂ।
ਧੰਨ ਤੂੰ ਤੇ ਧਨ ਕਮਾਈ ਤੇਰੀ, ਆਪਾਂ ਤੇਰੇ ਤੋਂ ਬਾਬਾ ਜੀ ਵਾਰ ਦੇਵਾਂ ॥
ਇਹੋ ਫੁੱਲ ਮੈਂ ਸ਼ਰਧਾ ਦੇ ਭੇਟ ਕਰਦਾ, ਇਹਨਾਂ ਰਾਹੀਂ ਮੈਂ ਸਾਰਾ ਸਤਿਕਾਰ ਦੇਵਾਂ।
ਸੰਗਤ ਆਂਵਦੀ ਰਹੂ ਸਦਾ ਦਰਸ਼ਨਾਂ ਨੂੰ, ਏਥੇ ਗੌਣ ਢਾਡੀ ਸਦਾ ਵਾਰ ਤੇਰੀ ॥
ਲਛਮਣ ਸਿੰਘ ਜਦੋਂ ਤੱਕ ਰਹੇ ਦੁਨਿਆ, ਅਮਰ ਰਹੂ ਬਾਬਾ ਯਾਦਗਾਰ ਤੇਰੀ ॥

○ ○

# ਬਾਬਾ ਜੀ ਦੀ ਅਮਰ ਕਹਾਣੀ

ਧੰਨ ਬਾਬਾ ਤੇਰੀ ਇਹ ਭਗਤੀ ਬਣ ਗਈ ਅਮਰ ਕਹਾਣੀ ਏ

ਪਿੰਡ ਸੂਸਾਂ ਵਿਚ ਜਨਮ ਧਾਰ ਕੇ, ਸੱਚੇ ਰੱਬ ਦੀ ਭਗਤ ਕਮਾ ਕੇ ।
ਆਪਣਾ ਜੀਵਨ ਮੁਕਤ ਕਰਾਕੇ, ਛਡ ਗਏ ਅਮਰ ਕਹਾਣੀ ਏ ॥ ਧੰਨ ਬਾਬਾ......
ਪਟਿਆ ਤਾਲ ਹੱਥੀਂ ਸੀ ਸਾਰਾ, ਨਿਰਮਲ ਜਲਦਾ ਹੋਇਆ ਪਸਾਰਾ ।
ਨ੍ਹਾਓ ਇਸ ਵਿਚ ਕੀਆ ਇਸ਼ਾਰਾ, ਨਿਰਮਲ ਬੁੱਧ ਬਣਾਣੀ ਏ ॥ ਧੰਨ ਬਾਬਾ......
ਗਊਆਂ ਰਖ ਕੇ ਆਪ ਚਰੌਂਦੇ, ਐਸਾ ਪਰਉਪਕਾਰ ਕਮੌਂਦੇ ।
ਸੰਤ ਔਣ ਜੋ-ਦੱਧ ਛਕੌਂਦੇ, ਸੇਵਾ ਮਨ ਨੂੰ ਭਾਣੀ ਏ ॥ ਧੰਨ ਬਾਬਾ......
ਰਾਤੀਂ ਨਾਮ ਕਮਾਈਆਂ ਕਰਦੇ, ਦਿਨ ਨੂੰ ਜਗ ਨਾਲ ਖੁਰਲੀ ਭਰਦੇ ।
ਪਸ਼ੂ ਜੋ ਬਾਹਰ ਖੇਤੀਂ ਚਰਦੇ, ਪੀਂਦੇ ਠੰਡਾ ਪਾਣੀ ਏ ॥ ਧੰਨ ਬਾਬਾ......
ਮੋਢੇ ਜਲ ਦਾ ਘੜਾ ਉਠਾਂਦੇ, ਕੋਲ ਲੁਹਾਂਡਾ ਵੀ ਲੈ ਜਾਂਦੇ ।
ਜਿੱਥੇ ਹਾਲੀ ਹਲ ਹਲਾਂਦੇ, ਜਾ ਜਾ ਸੇਵਾ ਕਮਾਨੀ ਏ ॥ ਧੰਨ ਬਾਬਾ......
ਬਲਦਾਂ ਨੂੰ ਸੀ ਜਲ ਛਕਾਂਦੇ, ਹਾਲੀ ਦੀ ਵੀ ਪਿਆਸ ਬੁਝਾਂਦੇ ।
ਕਿਨ੍ਹੇ ਗੇੜੇ ਸੀ ਉਹ ਲਾਂਦੇ, ਗਿਣੀ ਇਹ ਗਣਤ ਨਾ ਜਾਣੀ ਏ ॥ ਧੰਨ ਬਾਬਾ......
ਬਾਬੇ ਬਚਨ ਸੀ ਇਹ ਫਰਮਾਇਆ ਸਭ ਵਿਚ ਇਕੋ ਨੂਰ ਸਮਾਇਆ ।
ਦੂਜ ਤੀਜ ਦਾ ਭਰਮ ਮਿਟਾਇਆ, ਦਿਲ ਵਿਚ ਅਵਰ ਨਾ ਜਾਣੀਏ ॥ ਧੰਨ ਬਾਬਾ......
ਬਾਬੇ ਐਸੀ ਤਿਆਗੀ ਮਾਇਆ, ਹਥ ਮਾਇਆ ਨੂੰ ਮੂਲ ਨਾ ਲਾਇਆ ।
ਚੜ੍ਹਦੀ ਬੇਸ਼ੁਮਾਰ ਹੁਣ ਮਾਇਆ, ਖਜਾਨੇ ਤੋਂਤ ਨਾ ਆਨੀ ਏ ॥ ਧੰਨ ਬਾਬਾ......
ਜੋ ਵੀ ਡੇਰੇ ਸੇਵਾ ਕਮਾਵੇ, ਲੰਗਰ ਪੰਗਤ ਵਿਚ ਬਹਿ ਖਾਵੇ ।
ਬਾਬਾ ਇਹ ਉਪਦੇਸ਼ ਸੁਣਾਵੇ, ਰੱਖ ਸੰਤੋਖ ਨਿਭਾਣੀ ਏ ॥ ਧੰਨ ਬਾਬਾ......
ਨਾਮ ਜਪੇ ਨਾ ਸੇਵਾ ਕਮਾਵੇਂ, ਵਿਹਲਾ ਧਾਨ ਡੇਰੇ ਦਾ ਖਾਵੇ ।
ਮੌਹਰ ਉਸ ਲਈ ਇਹ ਬਣ ਜਾਵੇ, ਐਵੇਂ ਜਹਿਰ ਕਿਉਂ ਖਾਣੀ ਏ ॥ ਧੰਨ ਬਾਬਾ......
ਨਿਸਚਾ ਨਾਲ ਜੋ ਸੇਵਾ ਕਮਾਵੇ, ਬਿਰਥੀ ਸੇਵਾ ਕਦੀ ਨਾਂ ਜਾਵੇ ।
ਮੇਵਾ ਸੇਵਾ ਨੂੰ ਲੱਗ ਜਾਵੇ, ਸੇਵਾ ਰੱਬ ਨੂੰ ਭਾਣੀ ਏ ॥ ਧੰਨ ਬਾਬਾ......
ਸੇਵਾ ਸਿਮਰਨ ਕੀਆ ਅਮੋਲਾ, ਬਾਬੇ ਛਡਿਆ ਸੀ ਜਦ ਚੋਲਾ ।
ਅਰਸ਼ੀਂ ਚੱਲਿਆ ਗੈਬੀ ਗੋਲਾ, ਏਡੀ ਭਗਤੀ ਕਮਾਣੀ ਏ ॥ ਧੰਨ ਬਾਬਾ......
ਭਗਤੀ ਕੀਤੀ ਸੀ ਲਾਸਾਨੀ, ਸੇਵਾ ਵਿਚ ਲਾਈ ਜਿੰਦਗਾਨੀ ।
ਝੰਡਾ ਝੂਲਦਾ ਦਿੱਸੇ ਨਿਸ਼ਾਨੀ, ਜਗਦੀ ਜੋਤ ਨੂਰਾਨੀ ਏ ॥ ਧੰਨ ਬਾਬਾ......
ਸੰਗਤਾਂ ਦਰ ਬਾਬੇ ਦੇ ਆਵਨ, ਮੂੰਹੋਂ ਮੰਗੀਆਂ ਮੁਰਾਦਾਂ ਪਾਵਨ ।
ਝੋਲੀਆਂ ਭਰ ਭਰ ਕੇ ਲੈ ਜਾਵਨ, ਸਭ ਦੀ ਆਸ ਪੁਜਾਨੀ ਏ ॥ ਧੰਨ ਬਾਬਾ......

ਪਰ ਉਪਕਾਰ ਬਾਬਾ ਜੀ ਤੇਰੇ, ਗਿਣੇ ਜਾਨ ਨਾ ਕੋਲੋਂ ਮੇਰੇ।
ਗੁਣ ਨਿਤ ਮੈਂ ਗਾਵਾਂ ਤੇਰੇ, ਮਹਿਮਾਂ ਕਹੀ ਨਾ ਜਾਨੀ ਏ ॥ ਧੰਨ ਬਾਬਾ......
ਬਚਨ ਅਮੋਲਕ ਬਾਬਾ ਤੇਰੇ, ਯਾਦ ਰੱਖਾਂ ਮੈਂ ਸ਼ਾਮ ਸਵੇਰੇ।
ਬੰਨੇ ਲਾਵੀਂ ਸਾਡੇ ਬੇੜੇ, ਲਛਮਨ ਸਿੰਘ ਓਟ ਤਕਾਨੀ ਏ ॥ ਧੰਨ ਬਾਬਾ......

## ਬਾਬਾ ਜਵਾਹਰ ਦਾਸ ਦੀ ਵਡਿਆਈ

'ਧੰਨ ਧੰਨ ਬਾਬਾ ਜਵਾਹਰ ਦਾਸ ਤੇਰੀ ਵਡਿਆਈ'

ਉੱਨੀ ਸੌ ਸੰਤਾਲੀ ਸਨ ਵਿਚ ਐਸੀ ਨੇਹਰੀ ਆਈ।
ਅੰਗ੍ਰੇਜ਼ ਨੇ ਜਾਵਣ ਲਗਿਆਂ ਪੰਜਾਬ ਦੀ ਵੰਡ ਕਰਾਈ ॥
ਹਿੰਦੂ ਸਿੱਖ ਤੇ ਮੁਸਲਮਾਨਾਂ ਵਿਚ ਛਿੜੀ ਲੜਾਈ।
ਸੂਸਾਂ ਪਿੰਡ ਤੇ ਮੁਸਲਮਾਨਾਂ ਕੀਤੀ ਸੀ ਪਾਈ ॥
ਪਰ ਬਾਬੇ ਜਵਾਹਰ ਦਾਸ ਨੇ ਪਿੰਡ ਲਿਆ ਬਚਾਈ। ਧੰਨ ਧੰਨ......

ਮੁਸਲਮਾਨਾਂ ਦੇ ਪਿੰਡਾਂ ਦਾਂ ਕੱਠ ਹੋਇਆ ਭਾਰੀ ॥
ਸੂਸਾਂ ਤੇ ਹਮਲਾ ਕਰਨ ਦੀ ਉਨ੍ਹਾਂ ਕਰੀ ਤਿਆਰੀ।
ਕਹਿੰਦੇ ਕਰਕੇ ਲੁਟ ਮਾਰ ਪਿੰਡ ਦਿਉ ਉਜਾੜੀ ॥
ਖੌਫ ਖੁਦਾ ਦਾ ਛਡ ਕੇ ਇਉਂ ਬਣੇ ਹੰਕਾਰੀ ॥
ਪਰ ਮਾਰੇ ਉਸਨੂੰ ਕੌਣ ਜਿਹਦੇ ਨੇ ਸੰਤ ਸਹਾਈ ॥ ਧੰਨ ਧੰਨ......

ਸੂਸਾਂ ਪਿੰਡ ਵਲ ਮੁਸਲਮਾਨਾਂ ਨੇ ਚਾਲੇ ਪਾਏ।
ਸਭ ਨੇ ਕੋਲ ਸੀ ਆਪਣੇ ਹਥਿਆਰ ਉਠਾਏ ॥
ਵਾਹੋ ਵਾਹੀ ਚੱਲ ਬਸੀਮੇ ਕੋਲ ਸੀ ਆਏ।
ਸੂਸਾਂ ਪਿੰਡ ਦੀ ਹੱਦ ਵਿਚ ਜਦ ਕਦਮ ਸੀ ਪਾਏ।
ਦਿਸਨੋਂ ਸਭ ਨੂੰ ਹੱਟ ਗਿਆ ਹੈਰਾਨੀ ਛਾਈ। ਧੰਨ ਧੰਨ......

ਪਿੰਡ ਦੀ ਹੱਦ ਵਿਚ ਵੜਨ ਤਾਂ ਕੁਝ ਨਜ਼ਰ ਨਾ ਆਵੇ।
ਮੁੜਨ ਪਿਛੇ ਤਾਂ ਸਭ ਨੂੰ ਦਿਸਨ ਲਗ ਜਾਵੇ।
ਹੱਲੇ ਕੀਤੇ ਤਿੰਨ ਸੀ ਧਰਪੇਸ ਨਾ ਜਾਵੇ।
ਮੁੜ ਮੁੜ ਆਵਣ ਪਿੰਡ ਵਲ ਦਿਸਣੋਂ ਹਟ ਜਾਵੇ।
[ਐਸੀ ਜ਼ਾਹਰੀ] ਕਲਾ ਸੀ ਬਾਬੇ ਦਿਖਲਾਈ। ਧੰਨ ਧੰਨ......

[ਸਭ ਜ਼ੋਰ ਆਪਣਾ] ਲਾ ਥੱਕੇ ਵਾਹ ਪੇਸ਼ ਨਾ ਜਾਏ।
[ਬਾਬੇ ਦੀ ਸ਼ਕਤੀ] ਦੇਖਕੇ ਡਾਹਡੇ ਘਬਰਾਏ।
[ਆਖਰ ਸਭ] ਨੇ ਘਰਾਂ ਨੂੰ ਮੋੜੇ ਸੀ ਪਾਏ।
[ਦਸਿਆ ਹਾਲ] ਘੁਮਾਰਾਂ ਨੂੰ ਉਨ੍ਹਾਂ ਕੋਟਲੇ ਜਾਏ।
[ਘੁਮਾਰਾਂ ਲਛਮਣ] ਸਿੰਘ ਨੂੰ ਸਭ ਬਾਤ ਬਤਾਈ। ਧੰਨ ਧੰਨ......

ਰਾਮੂ ਨਾਮ ਕੁਮ੍ਹਾਰ ਸੰਤਾਂ ਦੀ ਸੇਵ ਕਮਾਵੇ ।
ਕੜ੍ਹੀ ਸਾਗ ਨਿਤ ਸੰਤਾਂ ਲਈ ਡੇਰੇ ਲੈ ਆਵੇ ।
ਸੱਚੀ ਸੇਵਾ ਕਰਕੇ ਬਰ ਸੰਤਾਂ ਤੋਂ ਪਾਵੇ ।
ਰਾਮੂ ਜੋ ਅੱਤ ਗਰੀਬ ਸੀ ਬਣ ਧਨੀ ਓਹ ਜਾਵੇ ।
ਤਾਰਿਆ ਬਾਬੇ ਰਾਮੂ ਨੂੰ ਨਾਲ ਕੁੱਲ ਤਰਾਈ । ਧੰਨ ਧੰਨ......

ਕੂੜਾ ਬੂੜਾ ਨਾਮ ਹੁਸ਼ਿਆਰਪੁਰ ਸ਼ਹਿਰ ਚਿ ਰਹਿੰਦੇ ।
ਬਾਗ ਬਗੀਚੇ ਲੱਗੇ ਨੇ ਜਿਥੇ ਉਠਦੇ ਰਹਿੰਦੇ ।
ਅਜ ਸਾਰੇ ਸ਼ਹਿਰੀ ਉਹਨਾਂ ਨੂੰ ਹਨ ਸੇਠ ਜੀ ਕਹਿੰਦੇ ।
ਹਿਸਾ ਹੁਣ ਵੀ ਡੇਰੇ ਦੀ ਸੇਵਾ ਵਿਚ ਲੈਂਦੇ ।
ਰੱਬ ਤੇ ਮਰੋਂ ਜਮਾ ਦਿਤੀ ਦੇਖ ਰਹੀ ਲੁਕਾਈ । ਧੰਨ ਧੰਨ......

ਉਹ ਦੁੱਧੀਂ ਪੁੱਤੀਂ ਫਲਦਾ ਜੋ ਏਥੋਂ ਆਵੇ ।
ਉਹ ਸਭ ਕੁਝ ਏਥੋਂ ਪਾ ਲਵੇ ਜੋ ਮਾਣ ਗਵਾਵੇ ।
ਓਹ ਮਨ ਬਾਛਤ ਫਲ ਪਾ ਲਵੇ ਜੋ ਸੇਵ ਕਮਾਵੇ ।
ਤਰ ਜਾਵੇ ਉਹ ਆਪ ਵੀ ਨਾਲ ਕੁੱਲ ਤਰਾਵੇ ।
ਸਰ ਵਿਚ ਅੰਮ੍ਰਿਤਸਰ ਭਰ ਦਿਤਾ ਨਾਵੇ ਕੁੱਲ ਲੁਕਾਈ । ਧੰਨ ਧੰਨ......
ਮੈਂ ਔਗਣ ਹਾਰਾ ਬਾਬਾ ਜੀ ਤੁਸਾਂ ਬਖਸ਼ਣ ਹਾਰੇ ।
ਕਿਰਪਾ ਕਰਕੇ ਬਖਸ਼ ਲਓ ਤੁਸਾਂ ਪਾਪੀਂ ਚਾਰੇ ।
ਨਾਮ ਦਾਨ ਇਸ਼ਨਾਨ ਨਹੀਂ ਕੁਛ ਕਰਮ ਹਮਾਰੇ ।
ਸੇਵਾ ਲਈ ਕੁਝ ਬਾਬਾ ਜੀ ਨਹੀਂ ਪਾਸ ਹਮਾਰੇ ।
ਆਪੇ ਲਛਮਣ ਸਿੰਘ ਨੂੰ ਲਓ ਚਰਨੀ ਲਾਈ ।

O O